*ਯੂ.ਪੀ.ਏ. ਦੀ ਸਰਕਾਰ ਦਾ ਸਾਂਝਾ ਘੱਟੋ-ਘੱਟ ਪ੍ਰੋਗਰਾਮ:*

# ਤਬਦੀਲੀ ਲਈ ਦਿਤੇ ਗਏ ਲੋਕ ਫ਼ਤਵੇ ਨਾਲ ਇਕ ਭੱਦਾ ਮਜ਼ਾਕ

ਮਨਮੋਹਨ ਸਿੰਘ ਨੇ ਸਾਂਝੇ ਅਗਾਂਹਵਧੂ ਗੱਠਜੋੜ ਦੀ ਸਰਕਾਰ, ਜਿਹਦੀ ਅਗਵਾਈ ਕਾਂਗਰਸ ਕਰ ਰਹੀ ਹੈ, ਦਾ ਇਕ ਸਾਂਝਾ ਘੱਟੋ ਘੱਟ ਪ੍ਰੋਗਰਾਮ ਪੇਸ਼ ਕੀਤਾ ਹੈ ਅਤੇ ਕਿਹਾ ਹੈ ਇਸ ਪ੍ਰੋਗਰਾਮ ਤਹਿਤ ਉਹਦੀ ਸਰਕਾਰ ਲੋਕਾਂ ਦੇ ਸਾਰੇ ਮਸਲੇ ਹੱਲ ਕਰੇਗੀ। ਇਹ ਸਾਂਝਾ ਘੱਟੋ-ਘੱਟ ਪ੍ਰੋਗਰਾਮ ਸਾਂਝੇ ਗੱਠਜੋੜ ਦੀ ਸਰਕਾਰ ਵਿਚ ਸ਼ਾਮਲ ਸਾਰੀਆਂ ਪਾਰਟੀਆਂ ਅਤੇ ਬਾਹਰ ਰਹਿ ਕੇ ਇਹਦੀ ਹਮਾਇਤ ਕਰਨ ਵਾਲੀਆਂ ਸਾਰੀਆਂ ਪਾਰਟੀਆਂ ਦੇ ਸਲਾਹ ਮਸ਼ਵਰੇ ਅਤੇ ਸਹਿਮਤੀ ਨਾਲ ਜਾਰੀ ਕੀਤਾ ਗਿਆ ਹੈ ਅਤੇ ਪ੍ਰੋਗਰਾਮ ਨੂੰ ਜਾਰੀ ਕਰਦੇ ਸਮੇਂ ਇਨ੍ਹਾਂ ਪਾਰਟੀਆਂ ਦੇ ਲੀਡਰ ਮਨਮੋਹਨ ਸਿੰਘ ਦੇ ਮੋਢੇ ਨਾਲ ਮੋਢਾ ਜੋੜ ਕੇ ਖੜ੍ਹੇ ਸਨ। ਇਸ ਪ੍ਰੋਗਰਾਮ ਵਿਚ ਸਰਕਾਰ ਚਲਾਉਣ ਦੇ ਛੇ ਬੁਨਿਆਦੀ ਅਸੂਲ ਦੱਸੇ ਗਏ ਹਨ। ਅਸੀਂ ਸਮਝਦੇ ਹਾਂ ਕਿ ਇਨ੍ਹਾਂ ਅਸੂਲਾਂ ਦਾ ਵਿਸ਼ਲੇਸ਼ਣ ਕਰਨਾ ਜ਼ਰੂਰੀ ਹੈ ਕਿਉਂਕਿ ਇਹ ਕਥਿਤ ਅਸੂਲ ਇਸ ਨਵੀਂ ਸਰਕਾਰ, ਇਹਦੇ ਮੰਤਵਾਂ ਅਤੇ ਇਹਦੀ ਸਮਰੱਥਾ ਬਾਰੇ ਲੋਕਾਂ ਵਿਚ ਕਈ ਤਰ੍ਹਾਂ ਦੇ ਭੁਲੇਖੇ ਅਤੇ ਖ਼ੁਸ਼ਫਹਿਮੀਆਂ ਪੈਦਾ ਕਰਨ ਲਈ ਘੜੇ ਗਏ ਹਨ।

ਯੂ.ਪੀ.ਏ. ਦੇ ਸਾਂਝੇ ਘੱਟੋ-ਘੱਟ ਪ੍ਰੋਗਰਾਮ ਦਾ ਪਹਿਲਾ ਅਸੂਲ ਇਹ ਦਸਿਆ ਗਿਆ ਹੈ:

***"ਸਮਾਜਿਕ ਇਕਸੁਰਤਾ ਬਣਾਈ ਰੱਖਣਾ, ਇਹਦੀ ਰਾਖੀ ਕਰਨਾ, ਇਹਨੂੰ ਹੋਰ ਮਜ਼ਬੂਤ ਕਰਨਾ ਅਤੇ ਸਮਾਜੀ ਅਮਨ ਨੂੰ ਖ਼ਰਾਬ ਕਰਨ ਵਾਲੇ ਕੱਟੜਵਾਦੀ ਤੇ ਰੂੜ੍ਹਵਾਦੀ ਅਨਸਰਾਂ ਦੇ ਖ਼ਿਲਾਫ਼ ਕਾਨੂੰਨ ਨੂੰ ਲਾਗੂ ਕਰਨ ਵਿਚ ਕੋਈ ਡਰ ਜਾਂ ਕੋਈ ਢਿੱਲ ਨਾ ਵਰਤਣਾ।"***

ਇਸ "ਅਸੂਲ" ਨੂੰ ਤਿੰਨ ਹਿੱਸਿਆਂ ਵਿਚ ਵੰਡਿਆ ਜਾ ਸਕਦਾ ਹੈ:

1. ਸਮਾਜਿਕ ਇਕਸੁਰਤਾ ਕਾਇਮ ਕਰਨਾ
2. ਸਮਾਜੀ ਅਮਨ ਨੂੰ ਖ਼ਰਾਬ ਕਰਨ ਵਾਲੇ ਕੱਟੜਵਾਦੀ ਅਤੇ ਰੂੜ੍ਹਵਾਦੀ ਅਨਸਰਾਂ ਦੇ ਖ਼ਿਲਾਫ਼ ਕਾਰਵਾਈ ਕਰਨਾ
3. ਕਾਨੂੰਨ ਨੂੰ ਕਿਸੇ ਵਿਤਕਰੇ ਬਗੈਰ ਲਾਗੂ ਕਰਨਾ

ਸਮਾਜਿਕ ਇਕਸੁਰਤਾ ਕਾਇਮ ਕਰਨਾ

ਹਿੰਦੁਸਤਾਨ ਦੇ ਲੋਕਾਂ ਦੀ ਮੁੱਢ ਕਦੀਮ ਤੋਂ ਇਹ ਤਾਂਘ ਰਹੀ ਹੈ ਕਿ ਸਮਾਜ ਵਿਚ ਇਕਸੁਰਤਾ ਰਹੇ। ***`ਸਰਵੇ ਜਨਾਹ ਭਵੰਤੂ ਸੁਖੀਨਾ`*** *ਭਾਵ ਸਭ ਲੋਕ ਸੁਖੀ ਵਸਣ, ਰਿਗਵੇਦ ਦੇ ਵਕਤ ਤੋਂ ਹੀ ਸਾਡੇ ਲੋਕਾਂ ਦੀ ਅਰਦਾਸ ਰਹੀ ਹੈ।* ਸਰਬੱਤ ਦਾ ਭਲਾ ਲੋਕਾਂ ਦੀ ਰੂਹਾਨੀਅਤ ਦਾ ਅਤੇ ਮਾਨਸਿਕਤਾ ਦਾ ਇਕ ਅਨਿਖੜਵਾਂ ਹਿੱਸਾ ਬਣ ਚੁੱਕਿਆ ਹੈ। ਹਿੰਦੁਸਤਾਨ ਦੇ ਲੋਕ ਤਾਂ ਸਮਾਜਿਕ ਸੁਰਮੇਲ ਦੇ ਮੁੱਦਤਾਂ ਤੋਂ ਬੜੇ ਚਾਹਵਾਨ ਹਨ। ਫੇਰ ਕੀ ਕਾਰਨ ਹੈ ਕਿ ਸਮਾਜ ਵਿਚ ਇਕਸੁਰਤਾ ਨਹੀਂ ਹੈ? ਇਹ ਨਵੀਂ ਸਰਕਾਰ ਸਮਾਜਿਕ ਇਕਸੁਰਤਾ ਦੀ ਗੱਲ ਕਿਉਂ ਕਰ ਰਹੀ ਹੈ? ਅਤੇ ਕੀ ਸਮਾਜਿਕ ਇਕਸੁਰਤਾ ਲਿਆਉਣਾ ਇਹਦੇ ਵੱਸ ਦਾ ਰੋਗ ਹੈ ਵੀ ਕਿ ਨਹੀਂ?

ਸਮਾਜ ਵਿਚ ਇਕਸੁਰਤਾ ਨਾ ਹੋਣ ਦਾ ਸਭ ਤੋਂ ਵੱਡਾ ਕਾਰਨ ਸਮਾਜ ਵਿਚ ਕਾਇਮ ਲੁੱਟ-ਖਸੁੱਟ ਦੇ ਰਿਸ਼ਤੇ ਹਨ। ਹਿੰਦੁਸਤਾਨ ਦੇ ਸਮਾਜ ਵਿਚ ਦੋ ਧਿਰਾਂ ਹਨ। ਇਕ ਧਿਰ ਮਿਹਨਤਕਸ਼ਾਂ, ਕਿਰਤੀਆਂ, ਕਿਸਾਨਾਂ, ਕਰਮਚਾਰੀਆਂ, ਕਾਰੀਗਰਾਂ, ਕਲਾਕਾਰਾਂ ਅਤੇ ਹੋਰ ਆਮ ਲੋਕਾਂ ਦੀ ਹੈ ਜਿਹੜੇ ਆਪਣੇ ਹੱਥਾਂ ਅਤੇ ਦਿਮਾਗੀ ਮਿਹਨਤ ਨਾਲ ਕੁਦਰਤ ਦੇ ਸੋਮਿਆਂ ਤੋਂ ਸਭ ਕੁਝ ਪੈਦਾ ਕਰਦੇ ਹਨ। ਹਰ ਚੀਜ਼ ਦੀ ਸਿਰਜਣਾ ਕਰਦੇ ਹਨ। ਸਾਰੀ ਦੌਲਤ ਪੈਦਾ ਕਰਦੇ ਹਨ। ਪਰ ਇਸ ਧਿਰ ਦੇ ਕੋਲ ਪੈਦਾਵਾਰ ਦੇ ਸਾਧਨਾਂ ਦੀ ਮਾਲਕੀ ਨਹੀਂ। ਦੂਜੇ ਪਾਸੇ ਉਹ ਧਿਰ ਹੈ ਜਿਹਦੇ ਵਿਚ ਵੱਡੇ ਸਰਮਾਏਦਾਰ, ਵੱਡੇ ਜਗੀਰਦਾਰ ਅਤੇ ਹੋਰ ਲੋਟੂ ਸ਼ਾਮਲ ਹਨ। ਇਹ ਧਿਰ ਦਿਮਾਗੀ ਤੇ ਜਿਸਮਾਨੀ ਮਿਹਨਤ ਕਰਨ ਵਾਲਿਆਂ ਦੀ ਪੈਦਾ ਕੀਤੀ ਹੋਈ ਦੌਲਤ ਨੂੰ ਹੜੱਪ ਜਾਂਦੀ ਹੈ। ਲੋਟੂਆਂ ਦਾ ਇਹ ਵਰਗ ਕੁੱਝ ਵੀ ਪੈਦਾ ਨਹੀਂ ਕਰਦਾ ਪਰ ਪੈਦਾਵਾਰ ਦੇ ਸਾਧਨਾਂ ਦੀ ਮਾਲਕੀ ਇਨ੍ਹਾਂ ਦੇ ਹੱਥਾਂ ਵਿਚ ਹੋਣ ਕਰਕੇ ਅਤੇ ਰਾਜ ਤੰਤ੍ਰ ਉੱਤੇ ਇਨ੍ਹਾਂ ਦਾ ਕੰਟਰੋਲ ਹੋਣ ਕਰਕੇ ਇਹ ਕਿਰਤੀਆਂ ਦੁਆਰਾ ਪੈਦਾ ਕੀਤੀ ਹੋਈ ਸਾਰੀ ਪੈਦਾਵਾਰ ਦਾ ਫਲ ਖਾਂਦੇ ਹਨ ਤੇ ਆਪਣੇ ਬੈਂਕ ਨੋਟਾਂ ਨਾਲ ਭਰਦੇ ਹਨ।

ਮਿਹਨਤਕਸ਼ਾਂ ਦੁਆਰਾ ਪੈਦਾ ਕੀਤੀ ਹੋਈ ਦੌਲਤ ਇਹ ਲੋਟੂ ਟੋਲਾ ਆਪਣੇ ਕੰਟਰੋਲ ਵਿਚ ਕਿਵੇਂ ਕਰ ਲੈਂਦਾ ਹੈ? ਮਿਹਨਤਕਸ਼ ਅਤੇ ਕਿਰਤੀ ਆਪਣੀ ਮਰਜ਼ੀ ਨਾਲ ਆਪਣੀ ਮਿਹਨਤ ਦਾ ਫਲ ਇਨ੍ਹਾਂ ਦੇ ਹੱਥ ਨਹੀਂ ਫੜਾ ਦਿੰਦੇ। ਇਹ ਕੰਮ ਲੋਟੂਆਂ ਲਈ ਹਿੰਦੁਸਤਾਨ ਦਾ ਰਾਜ ਤੰਤ੍ਰ ਕਰਦਾ ਹੈ। ਰਾਜ ਤੰਤ੍ਰ ਲੋਟੂਆਂ ਦੇ ਹੱਥ ਵਿਚ ਹੈ। ਇਸ ਰਾਜ ਤੰਤ੍ਰ ਦਾ ਹਰ ਕਦਮ ਇਨ੍ਹਾਂ ਲੋਟੂਆਂ ਦੇ ਹਿਤਾਂ ਅਤੇ ਲੁੱਟ ਦੇ ਰਿਸ਼ਤਿਆਂ ਨੂੰ ਬਰਕਰਾਰ ਰੱਖਣ ਲਈ ਹੁੰਦਾ ਹੈ। ਰਾਜ ਤੰਤ੍ਰ ਦੇ ਸਾਰੇ ਅਦਾਰੇ, ਸਰਕਾਰ, ਫੌਜ, ਪੁਲਸ ਅਤੇ ਕਚਹਿਰੀਆਂ ਇਨ੍ਹਾਂ ਲੋਟੂਆਂ ਦਾ ਹੀ ਪੱਖ ਪੂਰਦੇ ਹਨ ਅਤੇ ਇਸ ਗੱਲ ਨੂੰ ਯਕੀਨੀ ਬਣਾਉਂਦੇ ਹਨ ਕਿ ਸਮਾਜ ਵਿਚਲੇ ਲੁੱਟ ਖਸੁੱਟ ਦੇ ਰਿਸ਼ਤੇ ਕਾਇਮ ਰਹਿਣ। ਆਜ਼ਾਦੀ ਦੇ ਬਾਅਦ ਦੇ 57 ਸਾਲਾਂ ਵਿਚ ਇਹ ਰਿਸ਼ਤੇ ਹੋਰ ਵੀ ਮਜ਼ਬੂਤ ਹੋਏ ਹਨ। ਇਨ੍ਹਾਂ 57 ਸਾਲਾਂ ਵਿਚੋਂ 50 ਸਾਲ ਦੇ ਕਰੀਬ ਰਾਜ ਕਾਂਗਰਸ ਸਰਕਾਰ ਨੇ ਕੀਤਾ ਹੈ ਅਤੇ ਇਨ੍ਹਾਂ ਰਿਸ਼ਤਿਆਂ ਨੂੰ ਬਰਕਰਾਰ ਰਖਿਆ ਹੈ ਅਤੇ ਲੋਟੂਆਂ ਦੀ ਲੁੱਟ

ਖਸੂਟ ਨੂੰ ਕਾਇਮ ਰੱਖਣ ਲਈ ਪਹਿਰਾ ਦਿਤਾ ਹੈ। ਜਦੋਂ ਸਮਾਜ ਵਿਚ ਬੁਨਿਆਦੀ ਰਿਸ਼ਤੇ ਲੁੱਟ ਖਸੁੱਟ ਦੇ ਹੋਣ ਤਾਂ ਸਮਾਜ ਵਿਚ ਇਕਸੁਰਤਾ ਕਿਸ ਤਰ੍ਹਾਂ ਹੋ ਸਕਦੀ ਹੈ?

ਲੇਕਿਨ, ਨਵੀਂ ਸਰਕਾਰ ਆਪਣੇ ਪ੍ਰੋਗਰਾਮ ਵਿਚ ਸਮਾਜਿਕ ਇਕਸੁਰਤਾ ਦੀ ਗੱਲ ਕਿਉਂ ਕਰ ਰਹੀ ਹੈ ਜਦ ਕਿ ਸਮਾਜਿਕ ਇਕਸੁਰਤਾ ਦਾ ਬੇੜਾ ਡੋਬਣ ਵਾਲੇ ਲੁੱਟ ਦੇ ਰਿਸ਼ਤਿਆਂ ਨੂੰ ਖ਼ਤਮ ਕਰਨ ਦੀ ਇਹਦੀ ਕੋਈ ਮਨਸ਼ਾ ਵੀ ਨਹੀਂ ਤੇ ਇਹ ਇਹਦੇ ਵੱਸ ਦਾ ਰੋਗ ਵੀ ਨਹੀਂ? ਸਾਫ਼ ਹੈ ਕਿ ਇਹ ਸਰਕਾਰ ਸਮਾਜੀ ਇਕਸੁਰਤਾ ਨੂੰ ਸਿਰਫ਼ ਇਕ ਨਾਅਰੇ ਦੇ ਤੌਰ ਤੇ ਇਸਤੇਮਾਲ ਕਰ ਰਹੀ ਹੈ। ਕਿਉਂਕਿ ਲੋਕਾਂ ਦੀ ਬਹੁਤ ਹੀ ਡੂੰਘੀ ਤਾਂਘ ਹੈ ਕਿ ਸਮਾਜ ਵਿਚ ਇਕਸੁਰਤਾ ਹੋਵੇ, ਲੋਕ ਚਾਹੁੰਦੇ ਹਨ ਕਿ ਲੁੱਟ ਖਸੁੱਟ ਦੇ ਰਿਸ਼ਤੇ ਖ਼ਤਮ ਹੋਣ, ਲੋਕ ਸਮਾਜੀ ਇਕਸੁਰਤਾ ਕਾਇਮ ਕਰਨਾ ਚਾਹੁੰਦੇ ਹਨ, ਉਹ ਆਪਸ ਵਿਚ ਮੇਲ ਮਿਲਾਪ ਅਤੇ ਬਗੈਰ ਲੁੱਟ ਖਸੁਟ ਦੇ ਰਹਿਣਾ ਚਾਹੁੰਦੇ ਹਨ। ਇਸ ਕਰਕੇ ਲੋਕਾਂ ਦੀਆਂ ਅੱਖਾਂ ਵਿਚ ਘੱਟਾ ਪਾ ਕੇ ਉਨ੍ਹਾਂ ਦੀ ਹਿਮਾਇਤ ਜਿੱਤਣ ਲਈ ਇਹ ਸਰਕਾਰ ਸਮਾਜੀ ਇਕਸੁਰਤਾ ਕਾਇਮ ਕਰਨ ਦੇ ਨਾਅਰੇ ਲਾ ਰਹੀ ਹੈ। ਕਿਉਂਕਿ ਇਹ ਸਰਕਾਰ ਲੋਟੂਆਂ ਦੀ ਨੁਮਾਇੰਦਗੀ ਕਰਨ ਵਾਲੀ ਸਰਕਾਰ ਹੈ ਇਸ ਕਰਕੇ ਸਮਾਜੀ ਇਕਸੁਰਤਾ ਉੱਤੇ ਇਹ ਹੋਰ ਵੀ ਤਿੱਖੇ ਹਮਲੇ ਤਾਂ ਜ਼ਰੂਰ ਕਰ ਸਕਦੀ ਹੈ ਪਰ ਇਕਸੁਰਤਾ ਕਾਇਮ ਨਹੀਂ ਕਰ ਸਕਦੀ।

ਸਮਾਜੀ ਅਮਨ ਨੂੰ ਖ਼ਰਾਬ ਕਰਨ ਵਾਲੇ ਕੱਟੜਵਾਦੀ ਅਤੇ ਰੂੜ੍ਹੀਵਾਦੀ ਅਨਸਰਾਂ ਦੇ ਖ਼ਿਲਾਫ਼ ਕਾਰਵਾਈ

**ਲੁੱਟ**-ਖਸੁੱਟ ਦੇ ਰਿਸ਼ਤਿਆਂ ਦੀ ਬੁਨਿਆਦ ਤੇ ਬਣੇ ਹੋਏ ਮੌਜੂਦਾ ਔਖੇ ਹਾਲਾਤਾਂ ਦੇ ਖ਼ਿਲਾਫ਼ ਅਤੇ ਆਪਣੀ ਲੁੱਟ ਖਸੁੱਟ ਦੇ ਖ਼ਿਲਾਫ਼ ਮਿਹਨਤਕਸ਼ ਲੋਕ ਘੋਲ ਕਰ ਰਹੇ ਹਨ। ਉਨ੍ਹਾਂ ਦੇ ਘੋਲ ਵੱਖ ਵੱਖ ਸ਼ਕਲਾਂ ਵਿਚ ਚੱਲ ਰਹੇ ਹਨ। ਲੋਟੂ ਧਿਰ ਦੀ ਹਰ ਸਰਕਾਰ ਇਨ੍ਹਾਂ ਘੋਲਾਂ ਨੂੰ **ਸਮਾਜੀ ਅਮਨ ਖ਼ਰਾਬ ਕਰਨ ਵਾਲੇ** ਹੀ ਦੱਸਦੀ ਹੈ ਕਿਉਂਕਿ ਲੁੱਟ ਖਸੁੱਟ ਦੇ ਰਿਸ਼ਤੇ ਬਰਕਰਾਰ ਰੱਖਣ ਲਈ ਹਰ ਸਰਕਾਰ ਸਰਕਾਰ ਬਚਨਬੱਧ ਰਹੀ ਹੈ। ਹਿੰਦੁਸਤਾਨ ਦੇ ਹਰੇਕ ਹਿੱਸੇ ਵਿਚ ਲੋਕਾਂ ਦੇ ਹੱਕਾਂ ਲਈ ਘੋਲ ਅੱਗੇ ਵੱਧ ਰਹੇ ਹਨ ਅਤੇ ਲੋਕ ਇਨ੍ਹਾਂ ਲੋਟੂ ਰਿਸ਼ਤਿਆਂ ਖ਼ਿਲਾਫ਼ ਲਾਮਬੰਦ ਹੋ ਰਹੇ ਹਨ। ਪਿਛਲੇ ਅਰਸੇ ਵਿਚ ਇਹ ਘੋਲ ਸਿੱਧੇ ਤੌਰ ਤੇ ਸਰਕਾਰ ਨਾਲ ਟਾਕਰੇ ਦੀ ਸ਼ਕਲ ਅਖ਼ਤਿਆਰ ਕਰ ਚੁੱਕੇ ਹਨ। ਹਰੇਕ ਲੋਟੂ ਸਰਕਾਰ, ਚਾਹੇ ਉਹ ਕਿਸੇ ਵੀ ਪਾਰਟੀ ਦੀ ਕਿਉਂ ਨਾ ਰਹੀ ਹੋਵੇ, ਲੋਕਾਂ ਦੇ ਹੱਕਾਂ ਦੇ ਘੋਲ ਨੂੰ ਹਮੇਸ਼ਾ ਹੀ ਸਮਾਜ ਵਿਰੋਧੀ ਅਤੇ ਸਮਾਜੀ ਅਮਨ ਨੂੰ ਖ਼ਰਾਬ ਕਰਨ ਵਾਲਾ ਹੀ ਦੱਸਦੀ ਆਈ ਹੈ। ਅੰਗਰੇਜ਼ਾਂ ਦਾ ਇਹੋ ਮੰਤਰ ਸੀ। ਆਜ਼ਾਦੀ ਦੇ ਬਾਅਦ ਦੀਆਂ ਸਭ ਸਰਕਾਰਾਂ ਵੀ ਇਹੋ ਮੰਤਰ ਹੀ ਜਪਦੀਆਂ ਆਈਆਂ ਹਨ। ਉਹ ਲੋਕਾਂ ਦੇ ਘੋਲਾਂ ਨੂੰ ਦਹਿਸ਼ਤਗਰਦੀ, ਸਮਾਜ ਵਿਰੋਧੀ ਅਨਸਰ, ਅਤੇ ਅਤਿਵਾਦੀ ਜਾਂ ਵੱਖਵਾਦੀ ਕਹਿਕੇ ਭੰਡਦੇ ਹਨ ਤੇ ਉਨ੍ਹਾਂ ਉਤੇ ਹਮਲੇ ਕਰਦੇ ਹਨ। ਸਾਂਝੇ ਘੱਟੋ-ਘੱਟ ਪ੍ਰੋਗਰਾਮ ਦੇ ਇਸ ਐਲਾਨ ਦਾ ਮਤਲਬ ਹੈ ਕਿ ਸਰਕਾਰ ਲੋਕਾਂ ਦੇ ਘੋਲਾਂ ਨੂੰ, ਲੁੱਟ ਖਸੁੱਟ ਦੇ ਰਿਸ਼ਤਿਆਂ ਦੇ ਸਮਾਜੀ ਅਮਨ ਨੂੰ ਚੁਨੌਤੀ ਦੇਣ ਵਾਲਿਆਂ ਨੂੰ ਡੰਡੇ ਦੇ ਜ਼ੋਰ ਹੀ ਪੇਸ਼ ਆਵੇਗੀ।

ਇਸ ਦੇ ਨਾਲ ਨਾਲ ਰਾਜ ਤੰਤ੍ਰ ਦੇ ਕੰਟਰੋਲ ਲਈ ਲੋਟੂਆਂ ਦੀ ਆਪਸੀ ਲੜਾਈ ਵੀ ਬਹੁਤ ਤੇਜ਼ ਹੋ ਗਈ ਹੈ। ਰਾਜ ਤੰਤ੍ਰ ਸਮਾਜ ਦਾ ਇਕ ਬਹੁਤ ਹੀ ਅਹਿਮ ਅਦਾਰਾ ਹੈ। ਜਿਹਦੇ ਦੇ ਹੱਥ ਸਟੇਟ ਹੈ ਉਹ ਸਮਾਜ ਅਤੇ ਕੁਦਰਤ ਦੇ ਸਾਰੇ ਵਸੀਲਿਆਂ ਤੇ ਕੰਟਰੋਲ ਕਰਦਾ ਹੈ। ਲੋਟੂਆਂ ਦੇ ਵੱਖ ਵੱਖ ਧੜੇ ਆਪੋ ਆਪਣੀ ਲੁਟ ਨੂੰ ਵਧਾਉਣ ਲਈ ਇਸ ਰਾਜ ਤੰਤ੍ਰ ਤੇ ਕੰਟਰੋਲ ਕਰਨ ਲਈ ਆਪਣਾ ਪੂਰਾ ਜ਼ੋਰ ਲਾਉਂਦੇ ਹਨ ਅਤੇ ਆਪਸ ਵਿਚ ਕੁੱਤਿਆਂ ਵਾਂਗ ਲੜਦੇ ਵੀ ਹਨ। ਉਹ ਹਿੰਸਾ, ਅਰਾਜਕਤਾ ਅਤੇ ਦਹਿਸ਼ਤਗਰਦੀ ਫੈਲਾਉਂਦੇ ਹਨ। ਨਵੀਂ ਸਰਕਾਰ ਦਾ ਇਹ ਇਕ ਇਸ਼ਾਰਾ ਹੈ ਲੋਟੂ ਵਰਗ ਦੀ ਉਸ ਧਿਰ ਨੂੰ ਵੀ ਹੈ ਜਿਹੜੀ ਗੱਦੀਓਂ ਲਹਿ ਚੁਕੀ ਹੈ ਕਿ ਉਨ੍ਹਾਂ ਨਾਲ ਵੀ ਕੋਈ ਰਿਆਇਤ ਨਹੀਂ ਕੀਤੀ ਜਾਵੇਗੀ ਅਤੇ ਸਖ਼ਤੀ ਨਾਲ ਨਿਬੜਿਆ ਜਾਵੇਗਾ। ਇਹਦਾ ਮਤਲਬ ਇਹ ਵੀ ਹੈ ਕਿ ਹਾਕਮ ਜਮਾਤਾਂ ਦਾ ਜੋ ਗੁੱਟ ਹੁਣ ਤਾਕਤ ਵਿਚ ਹੈ ਉਹ ਲੋਕਾਂ ਦੀਆਂ ਅੱਖਾਂ ਵਿਚ ਘੱਟਾ ਪਾਉਣ ਲਈ ਕੱਟੜਵਾਦ ਅਤੇ ਰੂੜ੍ਹੀਵਾਦ ਦੀ ਵਿਰੋਧਤਾ ਦਾ ਬਹਾਨਾ ਵਰਤੇਗਾ ਅਤੇ ਸਟੇਟ ਦੀ ਫਿਰਕੂ ਹਿੰਸਾ ਅਤੇ ਤਸ਼ੱਦਦ ਦੀ ਨੀਤੀ ਉਤੇ ਚੱਲੇਗਾ। ਸਮਾਜਿਕ ਸੁਰਮੇਲ ਦੀ ਰਾਖੀ ਦੇ ਬਹਾਨੇ ਹੇਠ ਇਹ ਸਰਕਾਰ ਲੋਕਾਂ ਦੀ ਕਿਸੇ ਵੀ ਜੱਦੋ-ਜਹਿਦ ਨੂੰ ਬਰਦਾਸ਼ਤ ਨਹੀਂ ਕਰੇਗੀ। ਇਹ ਕੋਈ ਨਵੀਂ ਗੱਲ ਨਹੀਂ ਹੈ। ਅੰਗ੍ਰੇਜ਼ ਬਸਤੀ ਵਾਦੀਆਂ ਨੇ ਜਦੋਂ ਹਿੰਦੁਸਤਾਨ ਤੇ ਕਬਜ਼ਾ ਕੀਤਾ ਸੀ ਉਸ ਵਕਤ ਉਨ੍ਹਾਂ ਨੇ ਵੀ ਇਹੋ ਕਿਹਾ ਸੀ ਕਿ ਉਹ ਹਿੰਦੁਸਤਾਨ ਨੂੰ ਅਮਨ, ਚੰਗੀ ਸਰਕਾਰ ਅਤੇ ਕਾਨੂੰਨ ਦਾ ਰਾਜ ਦੇਣ ਲਈ ਹੀ ਆਏ ਹਨ। ਮਲਕਾ ਵਿਕਟੋਰੀਆ ਦਾ 1858 ਦਾ ਐਲਾਨ ਇਹੋ ਹੀ ਕਹਿੰਦਾ ਸੀ। 1947 ਦੇ ਸਮੇਂ ਤੋਂ ਦੀ ਹਿੰਦੁਸਤਾਨ ਦੀ ਹਰ ਸਰਕਾਰ ਵੀ "ਕਾਨੂੰਨ ਦਾ ਰਾਜ" ਹੀ ਚਲਾਉਂਦੀ ਆਈ ਹੈ ਜਿਸ ਵਿਚ ਅਮਨ ਕਾਨੂੰਨ ਕਾਇਮ ਰੱਖਣ ਦੇ ਨਾਮ ਹੇਠ ਲੋਕਾਂ ਦਾ ਲਹੂ ਵਹਾਉਣਾ ਆਮ ਗੱਲ ਬਣੀ ਰਹੀ ਹੈ। ਸਾਂਝੇ ਘੱਟੋ-ਘੱਟ ਪ੍ਰੋਗਰਾਮ ਦਾ ਇਹ ਪਹਿਲਾ ਅਸੂਲ ਹਿੰਦੁਸਤਾਨ ਦੇ ਲੋਕਾਂ ਨੂੰ ਇਕ ਚੇਤਾਵਨੀ ਹੈ ਕਿ ਉਨ੍ਹਾਂ ਦੇ ਘੋਲਾਂ ਅਤੇ ਜਦੋ-ਜਹਿਦਾਂ ਨੂੰ ਪਹਿਲਾਂ ਵਾਂਗ ਹੀ ਹਰ ਹੀਲੇ ਕੁਚਲਿਆ ਜਾਏਗਾ। ਪਹਿਲਾਂ ਵਾਂਗ ਹੀ ਲੋਕਾਂ ਦੇ ਘੋਲਾਂ ਨੂੰ ਸੈਕੂਲਰਵਾਦ, ਮੁਲਕ ਦੀ ਏਕਤਾ ਤੇ ਅਖੰਡਤਾ, ਅਤੇ ਸਮਾਜੀ ਇਕਸੁਰਤਾ ਨੂੰ ਖ਼ਤਰਾ ਕਹਿਕੇ ਕੁਚਲਣ ਦੀ ਕੋਸ਼ਿਸ਼ ਕੀਤੀ ਜਾਵੇਗੀ। ਸਰਕਾਰੀ ਜਬਰ ਵਧੇਗਾ, ਲੋਕਾਂ ਉੱਤੇ ਹਮਲੇ ਹੋਰ ਵਧਣਗੇ। ਵੀਹ ਵਰ੍ਹੇ ਪਹਿਲਾਂ ਸਾਕਾ ਨੀਲਾ ਤਾਰਾ ਤਹਿਤ ਹਰਿਮੰਦਰ ਸਾਹਿਬ ਤੇ ਹਮਲਾ ਇਹੋ ਜਿਹੀ ਥੋਥੀ ਦਲੀਲ ਦੇ ਕੇ ਹੀ ਕੀਤਾ ਗਿਆ ਸੀ। ਤੇ ਹੁਣ ਜਗਦੀਸ਼ ਟਾਈਟਲਰ ਅਤੇ ਕਮਲ ਨਾਥ ਵਰਗੇ ਇਸ ਸਰਕਾਰ ਦੇ ਮੰਤਰੀ ਸਮਾਜੀ ਇਕਸੁਰਤਾ ਅਤੇ ਸ਼ਾਂਤੀ ਵਧਾਉਣਗੇ! ਇਹ ਗੱਲ ਬਹੁਤ ਹਾਸੋਹੀਣੀ ਵੀ ਹੈ ਅਤੇ ਦੁਖਾਂਤ ਵਾਲੀ ਵੀ। ਅਮਰੀਕਨ ਸਾਮਰਾਜੀਏ ਇਰਾਕ ਉੱਤੇ ਹਮਲਾ ਕਰਨਾ ਅਤੇ ਆਪਣਾ ਕਬਜ਼ਾ ਬਣਾਈ ਰੱਖਣਾ ਇਹੋ ਜਿਹੀਆਂ ਦਲੀਲਾਂ ਨਾਲ ਹੀ ਜਾਇਜ਼ ਠਹਿਰਾਉਣ ਦੀ ਕੋਸ਼ਿਸ਼ ਕਰਦੇ ਆ ਰਹੇ ਹਨ ਪਰ ਇਹ ਦਲੀਲਾਂ ਹੁਣ ਕਿਸੇ ਨੂੰ ਕਾਇਲ ਨਹੀਂ ਕਰ ਸਕਦੀਆਂ।

ਕਾਨੂੰਨ ਨੂੰ ਕਿਸੇ ਵਿਤਕਰੇ ਬਗੈਰ ਲਾਗੂ ਕਰਨਾ

ਲੋਕ ਇਨਸਾਫ ਅਤੇ ਕਾਨੂੰਨ ਦਾ ਰਾਜ ਚਾਹੁੰਦੇ ਹਨ। ਕੌਣ ਨਹੀਂ ਚਾਹੁੰਦਾ ਕਿ ਸਭ ਨੂੰ ਇਨਸਾਫ ਮਿਲੇ ਅਤੇ ਸਭ ਤੇ ਇਕੋ ਜਿਹਾ ਕਾਨੂੰਨ ਲਾਗੂ ਹੋਵੇ। ਪਰ ਲੁੱਟ ਖਸੁੱਟ ਦੇ ਰਿਸ਼ਤਿਆਂ ਦੀ ਬੁਨਿਆਦ ਤੇ ਉਸਰੇ ਹੋਏ ਸਮਾਜ ਵਿਚ ਲੋਕਾਂ ਲਈ ਹੋਰ ਕਾਨੂੰਨ ਹੁੰਦੇ ਹਨ ਅਤੇ ਲੋਟੂਆਂ ਲਈ ਕੋਈ ਹੋਰ ਕਾਨੂੰਨ ਹੁੰਦੇ ਹਨ। ਮਿਸਾਲ ਦੇ ਤੌਰ ਤੇ ਜੇ ਕੋਈ ਆਮ ਕਿਸਾਨ ਆਪਣਾ ਕਰਜ਼ਾ ਨਹੀਂ ਮੋੜ ਸਕਦਾ ਤਾਂ ਉਸ ਨੂੰ ਕੈਦ ਕਰ ਦਿਤਾ ਜਾਂਦਾ ਹੈ, ਉਸ ਦੀ ਜ਼ਮੀਨ, ਕੁਰਕ ਕਰ ਦਿਤੀ ਜਾਂਦੀ ਹੈ। ਉਹਨੂੰ ਖ਼ੁਦਕਸ਼ੀ ਕਰਨ ਤੱਕ ਲਈ ਮਜਬੂਰ ਕੀਤਾ ਜਾਂਦਾ ਹੈ ਪਰ ਹਿੰਦੁਸਤਾਨ ਦੇ ਵੱਡੇ ਸਰਮਾਏਦਾਰਾਂ ਨੇ ਸਰਕਾਰੀ ਬੈਂਕਾਂ ਦਾ 78000 ਕਰੋੜ ਰੁਪਿਆ ਦੇਣਾ ਹੈ ਅਤੇ ਉਨ੍ਹਾਂ ਦੇ ਖ਼ਿਲਾਫ਼ ਕੋਈ ਕਾਨੂੰਨ ਨਹੀਂ ਬੋਲਦਾ, ਕੋਈ ਕਾਨੂੰਨ ਨਹੀ ਲਾਗੂ ਹੁੰਦਾ। ਇਸੇ ਤਰਾਂ ਪਿਛਲੇ ਸਾਲ ਲੋਕ ਸਭਾ ਵਿਚ ਜਾਰਜ ਫਰਨਾਂਡਜ਼ ਨੇ ਆਪ ਮੰਨਿਆਂ ਕਿ ਪਿਛਲੇ 50 ਸਾਲਾਂ ਵਿਚ ਮੁਲਕ ਵਿਚ 55000 ਤੋਂ ਵੀ ਜ਼ਿਆਦਾ ਫਿਰਕੂ ਹਿੰਸਾ ਦੀਆਂ ਵਾਰਦਾਤਾਂ ਹੋਈਆਂ ਹਨ। ਪਰ ਕਿਸੇ ਵੀ ਸਰਕਾਰ ਨੇ ਮੁਜਰਮਾਂ ਨੂੰ ਸਜ਼ਾ ਨਹੀਂ ਦਿਤੀ ਕਿਉਂਕਿ ਇਹ ਹਿੰਸਾ ਲੋਟੂ ਜਮਾਤਾਂ, ਉਨ੍ਹਾਂ ਦੀ ਸਟੇਟ ਅਤੇ ਉਨ੍ਹਾਂ ਦੀਆਂ ਸਰਕਾਰਾਂ ਆਪ ਕਰਵਾਉਂਦੀਆਂ ਆਈਆਂ ਹਨ। ਬਿਨਾਂ ਵਿਤਕਰੇ ਦੇ ਕਾਨੂੰਨ ਲਾਗੂ ਕਰਨ ਦਾ ਨਾਅਰਾ ਲੋਕਾਂ ਦੀਆਂ ਅੱਖਾਂ ਵਿਚ ਘੱਟਾ ਪਾਉਣ ਲਈ ਹੈ ਕਿਉਂਕਿ ਮਨਮੋਹਨ ਸਿੰਘ ਦੀ ਸਰਕਾਰ ਵੀ ਉਸੇ ਲੋਟੂ ਵਰਗ ਦੀ ਸਰਕਾਰ ਹੈ ਜਿਹਦੀਆਂ ਪਹਿਲੀਆਂ ਸਾਰੀਆਂ ਸਰਕਾਰਾਂ ਸਨ। ਇਸ ਕਰਕੇ ਇਹ ਗੱਲਾਂ ਜੋ ਮਰਜ਼ੀ ਕਰੇ ਪਰ ਅਮਲ ਵਿਚ ਪਹਿਲਾਂ ਵਾਲੇ ਰਾਹ ਨੂੰ ਨਹੀ ਛੱਡ ਸਕਦੀ।

ਸਿਰਫ਼ ਲੋਕ ਹੀ ਪਰਜਾ ਰਾਜ ਕਾਇਮ ਕਰਕੇ, ਤਾਕਤ ਅਤੇ ਰਾਜ ਤੰਤ੍ਰ ਆਪਣੇ ਹੱਥ ਵਿਚ ਲੈ ਕੇ ਸਮਾਜੀ ਇਕਸੁਰਤਾ ਕਾਇਮ ਕਰ ਸਕਦੇ ਹਨ ਅਤੇ ਕਾਨੂੰਨ ਅਤੇ ਇਨਸਾਫ ਦਾ ਰਾਜ ਸਥਾਪਤ ਕਰ ਸਕਦੇ ਹਨ। ਯੂ.ਪੀ.ਏ. ਦੀ ਸਰਕਾਰ ਦੇ ਸਾਂਝੇ ਘੱਟੋ ਘੱਟ ਪ੍ਰੋਗਰਾਮ ਦਾ ਇਹ ਪਹਿਲਾ ਅਸੂਲ ਲੋਕਾਂ ਦੀ ਅੱਖਾਂ ਵਿਚ ਘੱਟਾ ਪਾਉਣ ਲਈ ਹੀ ਹੈ ਇਸ ਕਰਕੇ ਲੋਕਾਂ ਨੂੰ ਹੁਸ਼ਿਆਰ ਹੋ ਕੇ ਆਪਣੇ ਘੋਲ ਅੱਗੇ ਵਧਾਉਣ ਦੀ ਲੋੜ ਹੈ।

ਯੂ.ਪੀ.ਏ. ਦੇ ਸਾਂਝੇ ਘੱਟੋ-ਘੱਟ ਪ੍ਰੋਗਰਾਮ ਦਾ ਦੂਸਰਾ ਅਸੂਲ ਇਹ ਦਸਿਆ ਗਿਆ ਹੈਃ

***"ਅਗਲੇ ਦਸ ਸਾਲਾਂ ਦੇ ਅਰਸੇ ਦੌਰਾਨ ਆਰਥਿਕਤਾ ਨੂੰ ਹਰ ਸਾਲ ੭-੮% ਦੀ ਦਰ ਤੇ ਵਧਾਉਣਾ ਜਿਸ ਨਾਲ ਇੰਨਾਂ ਰੁਜ਼ਗਾਰ ਪੈਦਾ ਹੋ ਸਕੇ ਕਿ ਹਰੇਕ ਪਰਿਵਾਰ ਦਾ ਚੰਗਾ ਗੁਜ਼ਾਰਾ ਹੋ ਸਕੇ।"***

ਇਸ ਅਸੂਲ ਵਿਚ ਦੋ ਨੁਕਤੇ ਹਨਃ

1. ਆਰਥਿਕਤਾ ਨੂੰ 7-8% ਦੀ ਦਰ ਨਾਲ ਹਰ ਸਾਲ ਵਧਾਉਣਾ
2. ਹਰੇਕ ਪਰਿਵਾਰ ਲਈ ਚੰਗੇ ਗੁਜ਼ਾਰੇ ਜੋਗਾ ਰੁਜ਼ਗਾਰ ਮੁਹੱਈਆ ਕਰਨਾ

ਇਨ੍ਹਾਂ ਨੁਕਤਿਆਂ ਦਾ ਵਿਸ਼ਲੇਸ਼ਣ ਕਰਨ ਲਈ ਇਹ ਜਾਨਣਾ ਜ਼ਰੂਰੀ ਹੈ ਕਿ ਆਰਥਿਕਤਾ ਕੀ ਹੈ ਇਹਦਾ ਮੰਤਵ ਕੀ ਹੈ ਅਤੇ ਇਹ ਕਿਸ ਤਰਾਂ ਵਧਦੀ ਹੈ। ਕਿਸੇ ਦੇਸ਼ ਜਾਂ ਇਲਾਕੇ ਦੇ ਲੋਕ ਆਪਣੀ ਜਿਸਮਾਨੀ ਅਤੇ ਦਿਮਾਗੀ ਮਿਹਨਤ ਅਤੇ ਕੁਦਰਤੀ ਸੋਮਿਆਂ ਨੂੰ ਵਰਤ ਕੇ ਜਿਸ ਤਰ੍ਹਾਂ ਪੈਦਾਵਾਰ ਅਤੇ ਦੌਲਤ ਪੈਦਾ ਕਰਦੇ ਹਨ ਅਤੇ ਇਸ ਨੂੰ ਆਪਸ ਵਿਚ ਵੰਡਦੇ ਹਨ, ਇਸ ਸਾਰੇ ਅਮਲ ਦਾ ਨਾਮ ਆਰਥਿਕਤਾ ਹੈ। ਇਸ ਗੱਲ ਵਿਚ ਕੋਈ ਸ਼ੱਕ ਨਹੀਂ ਕਿ ਹਿੰਦੁਸਤਾਨ ਦੀ ਆਰਥਿਕਤਾ ਹਰ ਸਾਲ 7-8 % ਜਾਂ ਇਸ ਤੋਂ ਵੀ ਜ਼ਿਆਦਾ ਵੱਧ ਸਕਦੀ ਹੈ ਕਿਉਂਕਿ ਹਿੰਦੁਸਤਾਨ ਅਜੇ ਵੀ ਇਕ ਖੇਤੀ ਪ੍ਰਧਾਨ ਮੁਲਕ ਹੈ ਅਤੇ ਮੁਲਕ ਦੇ ਦੋ ਤਿਹਾਈ ਦੇ ਕਰੀਬ ਲੋਕ ਪਿੰਡਾ ਵਿਚ ਰਹਿੰਦੇ ਹਨ ਅਤੇ ਖੇਤੀ ਬਾੜੀ ਤੇ ਨਿਰਭਰ ਹਨ। ਆਰਥਿਕਤਾ ਦੇ ਵਿਕਾਸ ਅਤੇ ਪਸਾਰੇ ਲਈ ਬਹੁਤ ਸੰਭਾਵਨਾਵਾਂ ਹਨ। ਪਿਛਲੇ ਹਜ਼ਾਰਾਂ ਸਾਲਾਂ ਵਾਂਗ ਹੀ ਅੰਗਰੇਜ਼ਾਂ ਦੇ ਜਾਣ ਬਾਅਦ ਦੇ 56 ਸਾਲਾਂ ਵਿਚ ਵੀ ਹਿੰਦੁਸਤਾਨ ਦੇ ਲੋਕਾਂ ਨੇ ਇਸ ਮੁਲਕ ਦੇ ਕੁਦਰਤੀ ਸੋਮਿਆਂ ਅਤੇ ਆਪਣੀ ਮਿਹਨਤ ਨਾਲ ਬਹੁਤ ਦੌਲਤ ਪੈਦਾ ਕੀਤੀ ਹੈ। ਸਰਕਾਰ ਦੇ ਆਪਣੇ ਅੰਕੜਿਆਂ ਮੁਤਾਬਿਕ ਹੀ ਪਿਛਲੇ 56 ਸਾਲਾਂ ਵਿਚ ਮੁਲਕ ਵਿਚ ਪੈਦਾ ਕੀਤੀ ਹੋਈ ਦੌਲਤ ਕਈ ਗੁਣਾ ਵਧੀ ਹੈ ਅਤੇ ਵਧਦੀ ਰਹੇਗੀ। ਇਹ ਵੀ ਕਿਹਾ ਜਾਂਦਾ ਹੈ ਕਿ ਹਿੰਦੁਸਤਾਨ ਇਕ ਅਮੀਰ ਦੇਸ਼ ਹੈ ਜਿਸ ਵਿਚ ਗ਼ਰੀਬ ਲੋਕ ਵਸਦੇ ਹਨ। ਅਮੀਰ ਹਿੰਦੁਸਤਾਨ ਦੀ ਇਹ ਸਾਰੀ ਦੌਲਤ ਕਿੱਥੇ ਜਾਂਦੀ ਹੈ ਤੇ ਲੋਕ ਗ਼ਰੀਬ ਕਿਉਂ ਹਨ? ਸਾਰੀਆਂ ਦੌਲਤਾਂ ਪੈਦਾ ਕਰਨ ਵਾਲੇ ਕਿਰਤੀਆਂ ਦਾ ਗੁਜ਼ਾਰਾ ਕਿਉਂ ਨਹੀਂ ਹੁੰਦਾ?

ਇਨ੍ਹਾਂ ਸਵਾਲਾਂ ਦਾ ਬਿਲਕੁਲ ਸਾਫ਼ ਤੇ ਸਪੱਸ਼ਟ ਜਵਾਬ ਇਹ ਹੈ ਕਿ ਹਿੰਦੁਸਤਾਨ ਦੀ ਆਰਥਿਕਤਾ ਦਾ ਮੰਤਵ ਲੋਕਾਂ ਦੀ ਭਲਾਈ ਨਹੀਂ। ਆਰਥਿਕਤਾ ਵਿਚ ਵਾਧਾ ਪਹਿਲਾਂ ਵੀ ਹੁੰਦਾ ਰਿਹਾ ਹੈ ਤੇ ਅਗਾਂਹ ਵੀ ਹੋਵੇਗਾ ਪਰ ਇਸ ਦਾ ਫ਼ਾਇਦਾ ਸਿਰਫ਼ ਅਮੀਰਾਂ ਨੂੰ ਹੋਇਆ ਹੈ। ਲੋਕਾਂ ਦੀ ਸਖ਼ਤ ਮਿਹਨਤਾਂ ਨਾਲ ਕੀਤੀ ਹੋਈ ਕਮਾਈ ਨੂੰ ਮੁੱਠੀ ਭਰ ਲੋਟੂ ਹੜੱਪ ਜਾਂਦੇ ਹਨ। ਆਜ਼ਾਦੀ ਦੇ ਬਾਅਦ ਨਹਿਰੂ ਸੋਸ਼ਲਿਜ਼ਮ ਅਤੇ ਇੰਦਰਾ ਦੇ ਗ਼ਰੀਬੀ ਹਟਾਉਣ ਦੇ ਨਾਅਰੇ ਹੇਠ ਅਤੇ 1990 ਬਾਅਦ ਮਨਮੋਹਨ ਸਿੰਘ ਦੇ ਉਦਾਰੀਕਰਣ ਅਤੇ ਨਿੱਜੀ ਕਰਣ ਦੇ ਨਾਅਰੇ ਹੇਠ ਉਹੀ ਕੁਝ ਹੋਇਆ ਹੈ ਜੋ ਪਹਿਲਾਂ ਹੁੰਦਾ ਰਿਹਾ ਸੀ। ਇਸੇ ਕਰਕੇ ਪਿਛਲੇ 56 ਸਾਲਾਂ ਵਿਚ ਅਮੀਰ ਹੋਰ ਅਮੀਰ ਹੋਏ ਨੇ ਅਤੇ ਗਰੀਬ ਹੋਰ ਗਰੀਬ ਹੋਏ ਹਨ।

ਸਾਡੇ ਮੁਲਕ ਦੀ ਆਰਥਿਕਤਾ ਦਾ ਅਸਲ ਨੁਕਸ ਇਹ ਹੈ ਕਿ ਇਸ ਵਿਚ ਆਰਥਕ ਪੈਦਾਵਾਰ ਦਾ ਮੰਤਵ ਵੱਧ ਤੋਂ ਵੱਧ ਮੁਨਾਫ਼ੇ ਕਮਾਉਣਾ ਹੈ ਲੋਕਾਂ ਲਈ ਰੁਜ਼ਗਾਰ ਵਧਾਉਣਾ ਜਾਂ ਉਨ੍ਹਾਂ ਦੀਆਂ ਲੋੜਾਂ ਪੂਰੀਆਂ ਕਰਨੀਆਂ ਨਹੀਂ ਹੈ। ਇਸ ਲਈ ਮੁਲਕ ਦੀ ਆਰਥਕਤਾ ਅਤੇ ਅੰਦਰ ਦੌਲਤ ਭਾਵੇਂ ਵਧਦੀ ਜਾਂਦੀ ਹੈ ਪਰ ਜਾਂਦੀ ਅਮੀਰਾਂ ਦੇ ਹੱਥਾਂ ਵਿਚ ਹੀ ਹੈ। ਆਪਣੇ ਮੁਨਾਫ਼ੇ ਵਧਾਉਣ ਲਈ

ਫੈਕਟਰੀਆਂ ਅਤੇ ਮਿੱਲਾਂ ਦੇ ਮਾਲਕ ਲੋੜ ਪੈਣ ਤੇ ਨਵੀਆਂ ਨਵੀਆਂ ਮਸ਼ੀਨਾਂ ਲਾਉਂਦੇ ਹਨ ਜਿਸ ਨਾਲ ਉਤਪਾਦਨ ਤਾਂ ਵਧਦਾ ਹੈ ਪਰ ਕੰਮ ਕਰਨ ਵਾਲਿਆਂ ਮਜ਼ਦੂਰਾਂ ਦੀ ਗਿਣਤੀ ਘੱਟ ਕਰ ਦਿਤੀ ਜਾਂਦੀ ਹੈ। ਕੰਮ ਤੋਂ ਵਿਹਲੇ ਕਰ ਦਿਤੇ ਗਏ ਮਜ਼ਦੂਰਾਂ ਦੇ ਰੁਜ਼ਗਾਰ ਦਾ ਕੋਈ ਬੰਦੋਬਸਤ ਨਹੀਂ ਕੀਤਾ ਜਾਂਦਾ। ਉਨ੍ਹਾਂ ਨੂੰ ਬੇਦਰਦੀ ਨਾਲ ਸੜਕਾਂ ਤੇ ਫਿਰਨ ਜੋਗੇ ਬਣਾ ਦਿਤਾ ਜਾਂਦਾ ਹੈ, ਰੁਜ਼ਗਾਰ ਘੱਟਦੇ ਜਾਂਦੇ ਹਨ ਅਤੇ ਉਹ ਦਰ ਦਰ ਧੱਕੇ ਖਾਂਦੇ ਫਿਰਦੇ ਹਨ। ਇਹੋ ਹਾਲ ਖੇਤੀ ਬਾੜੀ ਵਿਚ ਵੀ ਹੁੰਦਾ ਹੈ। ਖੇਤੀ ਦੇ ਮਸ਼ੀਨੀਕਰਨ ਨਾਲ ਪਿੰਡਾਂ ਵਿਚ ਵਿਹਲੇ ਹੋ ਗਏ ਖੇਤ ਮਜ਼ਦੂਰ ਅਤੇ ਛੋਟੇ ਕਿਸਾਨ ਆਪਣੇ ਪਿੰਡ ਛੱਡ ਕੇ ਰੁਜ਼ਗਾਰ ਦੀ ਤਲਾਸ਼ ਵਿਚ ਸ਼ਹਿਰਾਂ ਵਿਚ ਭਟਕਦੇ ਹਨ। ਸਾਡੇ ਬੇਰੁਜ਼ਗਾਰ ਲੋਕ ਨਾ ਸਿਰਫ਼ ਹਿੰਦੁਸਤਾਨ ਦੇ ਵੱਖਰੇ ਵੱਖਰੇ ਹਿੱਸਿਆਂ ਵਿਚ ਹੀ ਬਲਕਿ ਬਦੇਸ਼ਾਂ ਵਿਚ ਵੀ ਧੱਕੇ ਖਾਂਦੇ ਵੇਖੇ ਜਾ ਸਕਦੇ ਹਨ। ਜਿਨ੍ਹਾਂ ਦੇ ਹੱਥ ਵਿਚ ਉਤਪਾਦਨ ਦੇ ਸਾਧਨ ਹਨ ਰਾਜਸੀ ਢਾਂਚੇ ਦਾ ਕੰਟਰੋਲ ਵੀ ਉਨ੍ਹਾਂ ਦੇ ਹੱਥਾਂ ਵਿਚ ਹੀ ਹੈ। ਉਨ੍ਹਾਂ ਦੀ ਸਰਕਾਰ ਲੋਕਾਂ ਦੇ ਗੁਜ਼ਾਰੇ ਦਾ ਪ੍ਰਬੰਧ ਜਾਂ ਫ਼ਿਕਰ ਨਹੀਂ ਕਰਦੀ ਕਿਉਂਕਿ ਉਨ੍ਹਾਂ ਦਾ ਮੁਖ ਕੰਮ ਸਿਰਫ਼ ਅਮੀਰਾਂ ਦੇ ਹਿਤਾਂ ਦੀ ਰਾਖੀ ਹੈ। ਜ਼ਾਹਿਰ ਹੈ ਕਿ ਇਹ ਕੋਈ ਜ਼ਰੂਰੀ ਨਹੀਂ ਕਿ ਆਰਥਿਕਤਾ ਦੀ ਦਰ ਹਰ ਸਾਲ ਵਧਣ ਨਾਲ ਰੁਜ਼ਗਾਰ ਵੀ ਵਧਣਗੇ ਜਾਂ ਲੋਕਾਂ ਦਾ ਗੁਜ਼ਾਰਾ ਵੀ ਚੰਗਾ ਹੋਵੇਗਾ। ਹਿੰਦੁਸਤਾਨ ਦਾ ਅੰਨ ਭੰਡਾਰ ਅਤੇ ਸਭ ਤੋਂ ਖ਼ੁਸ਼ਹਾਲ ਸਮਝੇ ਜਾਂਦੇ ਪੰਜਾਬ ਵਿਚ ਵੀ ਪਿੰਡ ਪਿੰਡ ਕਰਜ਼ੇ ਦੀ ਜਕੜ ਵਿਚ ਹੈ ਅਤੇ ਕਿਸਾਨ ਆਤਮਘਾਤ ਕਰ ਰਹੇ ਹਨ ਹਾਲਾਂਕਿ ਇਥੋਂ ਦੇ ਮਿਹਨਤੀ ਕਿਰਤੀ ਅਤੇ ਕਿਸਾਨ ਕਰੋੜਾਂ ਟਨ ਅਨਾਜ ਪੈਦਾ ਕਰਦੇ ਹਨ।

ਸਵਾਲ ਇਹ ਉਠਦਾ ਹੈ ਕੀ ਮੌਜੂਦਾ ਆਰਥਕ ਢਾਂਚੇ ਵਿਚ ਰਹਿ ਕੇ ਕੀ ਇਹ ਨਵੀਂ ਸਰਕਾਰ ਲੋਕਾਂ ਦੇ ਰੁਜ਼ਗਾਰ ਦੀ ਗਰੰਟੀ ਦੇ ਸਕਦੀ ਹੈ? ਅਸੀਂ ਸਮਝਦੇ ਹਾਂ ਕਿ ਮਨਮੋਹਨ ਸਿੰਘ ਦੀ ਸਰਕਾਰ ਲਈ ਇਹ ਕਰ ਸਕਣਾ ਮੁਮਕਿਨ ਨਹੀਂ ਹੈ। ਇਹ ਇਹਦੇ ਵੱਸ ਦੀ ਗੱਲ ਨਹੀਂ। ਅਸਲੀਅਤ ਇਹ ਹੈ ਕਿ ਮੌਜੂਦਾ ਢਾਂਚੇ ਨੂੰ ਜਿਉਂ ਦਾ ਤਿਉਂ ਬਰਕਰਾਰ ਰੱਖਣ ਵਾਲੀ ਕੋਈ ਵੀ ਸਰਕਾਰ, ਚਾਹੇ ਉਹ ਕਿਸੇ ਵੀ ਪਾਰਟੀ ਦੀ ਹੋਵੇ, ਇਹ ਕੰਮ ਨਹੀਂ ਕਰ ਸਕਦੀ। ਪਹਿਲੀਆਂ ਸਰਕਾਰਾਂ ਵਾਂਗ ਇਸ ਸਰਕਾਰ ਦੀਆਂ ਡੋਰਾਂ ਵੀ ਉਨ੍ਹਾਂ ਦੇ ਹੱਥਾਂ ਵਿਚ ਹਨ ਜੋ ਇਸ ਆਰਥਕਿਤਾ, ਇਸ ਸਰਕਾਰ ਅਤੇ ਇਸ ਰਾਜਤੰਤ੍ਰ ਨੂੰ ਆਪਣੇ ਮੁਨਾਫ਼ੇ ਵਧਾਉਣ ਲਈ ਵਰਤਦੇ ਹਨ। ਉਹ ਇਸ ਸਰਕਾਰ ਨੂੰ ਆਪਣੇ ਹਿਤਾਂ ਖ਼ਿਲਾਫ਼ ਕੁਝ ਵੀ ਕਰਨ ਦੀ ਇਜਾਜ਼ਤ ਕਿਵੇਂ ਦੇ ਸਕਦੇ ਹਨ? ਇਨ੍ਹਾਂ ਦੇ ਮੁਨਾਫ਼ਿਆਂ ਲਈ ਇਹ ਜ਼ਰੂਰੀ ਹੈ ਕਿ ਬੇਰੁਜ਼ਗਾਰਾਂ ਦੀ ਇਕ ਫ਼ੌਜ ਹਮੇਸ਼ਾਂ ਹੀ ਖੜ੍ਹੀ ਰ੍ਹਵੇ ਤਾਂ ਕਿ ਵੱਧ ਉਜਰਤਾਂ ਲਈ ਮਜ਼ਦੂਰਾਂ ਦੀ ਮੰਗ ਦਬਾਈ ਜਾ ਸਕੇ । ਹਾਂ, ਜਦੋਂ ਕਦੇ ਲੋਕਾਂ ਦੀ ਜੱਦੋ-ਜਹਿਦ ਜ਼ਿਆਦਾ ਜ਼ੋਰ ਫੜ ਜਾਂਦੀ ਹੈ ਤੇ ਉਨ੍ਹਾਂ ਨੂੰ ਕੁਝ ਰਿਆਇਤਾਂ ਦੇਣਾ ਇਨ੍ਹਾਂ ਦੀ ਮਜਬੂਰੀ ਬਣ ਜਾਂਦੀ ਹੈ ਤਾਂ ਮੌਕੇ ਦੀ ਸਰਕਾਰ ਕੁਝ ਰਿਆਇਤਾਂ ਦੇ ਵੀ ਦਿੰਦੀ ਹੈ। ਮਿਸਾਲ ਦੇ ਤੌਰ ਤੇ ਆਜ਼ਾਦੀ ਦੇ ਬਾਅਦ ਕਿਰਤੀਆਂ ਮਜ਼ਦੂਰਾਂ ਦੀ ਲਹਿਰ ਅਤੇ ਘੋਲ ਤਕੜੇ ਸਨ ਤਾਂ ਲੋਟੂਆਂ ਦੇ ਟੋਲੇ ਅਤੇ ਉਨ੍ਹਾਂ ਦੀ ਸਰਕਾਰ ਨੇ ਮਜਬੂਰੀ ਵੱਸ ਕੁਝ ਰਿਆਇਤਾਂ ਲੋਕਾਂ ਨੂੰ ਦਿਤੀਆਂ ਸਨ ਜਿਵੇਂ ਕਿ ਪੱਕੀ ਨੌਕਰੀ ਦੀ ਰਿਆਇਤ। ਪਰ ਹੁਣ ਸਰਕਾਰ ਇਸ ਰਿਆਇਤ ਨੂੰ ਖ਼ਤਮ ਕਰਨ ਲਈ ਹੱਥ ਪੈਰ ਮਾਰ ਰਹੀ ਹੈ ਅਤੇ ਮਨਮੋਹਨ ਸਿੰਘ ਦੇ 1990 ਦੇ ਸੁਧਾਰ ਇਸ ਤਰਫ਼ ਇਸ਼ਾਰਾ ਕਰਦੇ ਹਨ। ਵਾਜਪਾਈ ਦੀ ਸਰਕਾਰ ਨੇ ਵੀ ਇਸ ਪਾਸੇ ਕੁਝ ਕਦਮ ਉਠਾਏ ਸਨ ਪਰ ਲੋਕਾਂ ਦੀ ਜੱਦੋ-ਜਹਿਦ ਨੇ ਇਸ ਨੂੰ ਕੁਝ ਨਕੇਲ ਪਾਈ ਰੱਖੀ ਹੈ। ਹਿੰਦੁਸਤਾਨ ਦੇ ਲੋਕ ਆਪਣੇ ਰੁਜ਼ਗਾਰ ਅਤੇ ਖ਼ੁਸ਼ਹਾਲੀ ਲਈ ਘੋਲ ਚਲਾ ਰਹੇ ਹਨ। ਵਾਜਪਾਈ ਸਰਕਾਰ ਨੂੰ ਲਾਹ ਕੇ ਉਨ੍ਹਾਂ ਨੇ ਆਪਣਾ ਰੋਸ ਜ਼ਾਹਿਰ ਕੀਤਾ ਹੈ ਕਿ ਉਨ੍ਹਾਂ ਨੂੰ ਮੌਜੂਦਾ ਸਥਿਤੀ ਕਬੂਲ ਨਹੀਂ, ਉਹ ਤਬਦੀਲੀ ਚਾਹੁੰਦੇ ਹਨ।

ਅਮਰੀਕਨ ਅਤੇ ਹੋਰ ਸਾਮਰਾਜੀਏ ਵੀ ਹਿੰਦੁਸਤਾਨ ਦੇ ਕੁਦਰਤੀ ਸੋਮਿਆਂ, ਲੋਕਾਂ ਦੀ ਮਿਹਨਤ ਅਤੇ ਮੰਡੀਆਂ ਨੂੰ ਲੁੱਟਣ ਲਈ ਬਹੁਤ ਵੱਡੀਆਂ ਆਸਾਂ ਲਾਈ ਬੈਠੇ ਹਨ। ਇਹ ਆਪਣੇ ਮੁਨਾਫ਼ੇ ਵਧਾਉਣ ਲਈ ਹਿੰਦੁਸਤਾਨ ਵਿਚ ਸਨਅਤਾਂ ਲਾਉਣ ਲਈ ਅਤੇ ਕੰਮ ਸਸਤੇ ਭਾਅ ਕਰਵਾਉਣ ਲਈ ਦੰਦ ਤਿਖੇ ਕਰ ਰਹੇ ਹਨ। ਮਿਸਾਲ ਦੇ ਤੌਰ ਤੇ ਜਿਸ ਕੰਮ ਲਈ ਉਨ੍ਹਾਂ ਨੂੰ ਅਮਰੀਕਾ ਵਿਚ ਦਸ ਡਾਲਰ ਘੰਟੇ ਦੇ ਦੇਣੇ ਪੈਂਦੇ ਹੈ ਉਹੀ ਕੰਮ ਹਿੰਦੁਸਤਾਨ ਵਿਚ ਉਹ ਕੌਡੀਆਂ ਦੇ ਭਾਅ ਕਰਵਾ ਸਕਦੇ ਹਨ ਅਤੇ ਮੁਨਾਫ਼ੇ ਬਹੁਤ ਹੀ ਜ਼ਿਆਦਾ ਵਧਾ ਸਕਦੇ ਹਨ। ਹਿੰਦੋਸਤਾਨ ਦੀ ਆਰਥਿਕਤਾ ਦੇ ਵਧਣ ਨਾਲ ਬਹੁ-ਦੇਸ਼ੀ ਕੰਪਨੀਆਂ ਨੂੰ ਹਿੰਦੋਸਤਾਨ ਵਿਚ ਪੂੰਜੀ-ਨਿਵੇਸ਼ ਕਰਨ ਨਾਲ ਹੋਰ ਬਹੁਤਾ ਫ਼ਾਇਦਾ ਹੋਣਾਂ ਹੈ। ਸਾਂਝੇ ਘੱਟੋ-ਘੱਟ ਪ੍ਰੋਗਰਾਮ ਦਾ ਇਹ ਦੂਜਾ ਅਸੂਲ ਲੋਕਾਂ ਨੂੰ ਗੁੰਮਰਾਹ ਕਰਨ ਲਈ ਹੈ ਅਤੇ ਸਾਮਰਾਜੀਆਂ ਨੂੰ ਖ਼ੁਸ਼ ਕਰਨ ਲਈ ਹੈ ਕਿ ਨਵੀਂ ਸਰਕਾਰ ਆਰਥਕ ਪਿੜ ਵਿਚ ਕੋਈ ਐਸੀ ਗੱਲ ਨਹੀਂ ਕਰੇਗੀ ਜਿਸ ਨਾਲ ਉਨ੍ਹਾਂ ਨੂੰ ਕੋਈ ਫਿਕਰ ਕਰਨਾ ਪਵੇ। ਇਸ ਅਸੂਲ ਰਾਹੀਂ ਨਵੀਂ ਸਰਕਾਰ ਸਾਮਰਾਜੀਆਂ ਨੂੰ ਇਹ ਦੱਸ ਰਹੀ ਹੈ ਕਿ ਹਿੰਦੁਸਤਾਨ ਨੂੰ ਲੁੱਟਣ ਲਈ ਉਨ੍ਹਾਂ ਨੂੰ ਦਿਤੀਆਂ ਗਈਆਂ ਸਹੂਲਤਾਂ ਵਿਚ ਕੋਈ ਕਮੀ ਨਹੀਂ ਹੋਵੇਗੀ।

ਸਾਂਝੇ ਗੱਠਜੋੜ ਦੇ ਇਸ ਕਥਿਤ ਅਸੂਲ ਵਿਚ ਕੋਈ ਅਸਲੀਅਤ ਨਹੀ ਕਿ ਲੋਕਾਂ ਨੂੰ ਰੁਜ਼ਗਾਰ ਦੀ ਗਰੰਟੀ ਮਿਲੇਗੀ। ਨਵੀਂ ਸਰਕਾਰ ਲੋਕਾਂ ਦੇ ਘੋਲਾਂ ਨੂੰ ਠੰਢੇ ਕਰਨ ਲਈ ਇਹੋ ਜਿਹੇ ਛੋਛੇ ਛੱਡ ਰਹੀ ਹੈ। ਮੌਜੂਦਾ ਆਰਥਿਕਤ ਢਾਂਚੇ ਅਤੇ ਅਰਥਚਾਰੇ ਵਿਚ ਹਰੇਕ ਪਰਿਵਾਰ ਦੇ ਗੁਜ਼ਾਰੇ ਦੀ ਗਾਰੰਟੀ ਦਿਤੀ ਹੀ ਨਹੀਂ ਜਾ ਸਕਦੀ ਕਿਉਂਕਿ ਇਸ ਅਰਥਚਾਰੇ ਦਾ ਇਹ ਮੰਤਵ ਹੀ ਨਹੀਂ। ਪਹਿਲੀਆਂ ਸਰਕਾਰਾਂ ਵਾਂਗ ਇਹ ਸਰਕਾਰ ਵੀ ਉਸੇ ਰਾਹ ਤੇ ਤੁਰ ਰਹੀ ਹੈ ਜੋ ਪੂੰਜੀਪਤੀਆਂ ਦੇ ਮੁਨਾਫ਼ੇ ਵਧਾਉਣ ਦਾ ਰਾਹ ਹੈ। ਸਾਰੀ ਆਰਥਕ ਗਤੀਵਿਧੀ ਅਤੇ ਤਰੱਕੀ ਦੇਸੀ ਤੇ ਵਿਦੇਸ਼ੀ ਪੂੰਜੀਪਤੀਆਂ ਦੀਆਂ ਲੋੜਾਂ ਪੂਰੀਆਂ ਕਰਨ ਵਾਸਤੇ ਹੈ ਹਿੰਦੁਸਤਾਨ ਦੇ ਲੋਕਾਂ ਦੀਆਂ ਲੋੜਾਂ ਦੀ ਪੂਰਤੀ ਲਈ ਨਹੀਂ।

ਯੂ.ਪੀ.ਏ. ਦੇ ਸਾਂਝੇ ਘੱਟੋ-ਘੱਟ ਪ੍ਰੋਗਰਾਮ ਦਾ ਤੀਸਰਾ ਅਸੂਲ ਇਹ ਦਸਿਆ ਗਿਆ ਹੈਃ

***"ਕਿਸਾਨਾਂ, ਖੇਤ ਮਜ਼ਦੂਰਾਂ, ਮਜ਼ਦੂਰਾਂ ਅਤੇ ਖ਼ਾਸ ਤੌਰ ਤੇ ਉਹ ਮਜ਼ਦੂਰ ਜਿਹੜੇ ਸੰਗਠਿਤ ਨਹੀਂ ਉਨ੍ਹਾਂ ਦੀ ਭਲਾਈ ਦਾ ਇੰਤਜ਼ਾਮ ਕਰਨਾ ਤੇ ਇਹ ਯਕੀਨੀ ਬਣਾਉਣਾ ਕਿ ਉਨ੍ਹਾਂ ਦੇ ਪਰਿਵਾਰਾਂ ਦਾ ਭਵਿਖ ਵੀ ਹਰ ਪੱਖ ਤੋਂ ਖ਼ੁਸ਼ਹਾਲ ਹੋਵੇ।"***

ਹਰ ਕੋਈ ਜਾਣਦਾ ਹੈ ਕਿ ਲੋਕ ਭਲਾਈ ਦਾ ਮਤਲਬ ਹੁੰਦਾ ਹੈ ਕਿ ਲੋਕ ਸੁਖੀ ਵਸਣ, ਸਿਹਤਮੰਦ ਹੋਣ ਅਤੇ ਖ਼ੁਸ਼ਹਾਲ ਰਹਿਣ। ਲੋਕਾਂ ਦੀ ਭਲਾਈ ਤੇ ਖ਼ੁਸ਼ਹਾਲੀ ਕਿਸ ਤਰ੍ਹਾਂ ਯਕੀਨੀ ਬਣਾਈ ਜਾ ਸਕਦੀ ਹੈ? ਹਿੰਦੁਸਤਾਨ ਦੇ ਲੋਕਾਂ ਦੀ ਯੁਗਾਂ ਯੁਗਾਂਤਰਾਂ ਤੋਂ ਚਲਦੀ ਆਈ ਸੋਚਣੀ ਵਿਚ ਇਹ ਸਵਾਲ ਬਹੁਤ ਅਹਿਮੀਅਤ ਵਾਲੇ ਰਹੇ ਹਨ। ਹਿੰਦੁਸਤਾਨ ਦੀ ਰਾਜ ਕਲਾ, ਸਿਆਸੀ ਸਿਧਾਂਤ ਅਤੇ ਸੂਝ ਵਿਚ ਇਨ੍ਹਾਂ ਮਸਲਿਆਂ ਬਾਰੇ ਬਹੁਤ ਹੀ ਡੂੰਘਾਈ ਨਾਲ ਗੱਲਬਾਤ ਕੀਤੀ ਗਈ ਹੈ ਅਤੇ ਤਰੀਕੇ ਦੱਸੇ ਗਏ ਹਨ ਕਿ ਲੋਕਾਂ ਦੀ ਭਲਾਈ ਤੇ ਖ਼ੁਸ਼ਹਾਲੀ ਕਿਸ ਤਰ੍ਹਾਂ ਯਕੀਨੀ ਬਣਾਈ ਜਾ ਸਕਦੀ ਹੈ।। ਪਰ ਪਿਛਲੇ ੫੯ ਸਾਲਾਂ ਵਿਚ ਹਰੇਕ ਸਰਕਾਰ ਨੇ ਹਿੰਦੁਸਤਾਨੀ ਲੋਕਾਂ ਦੀ ਸਿਆਸੀ ਸੇਧ ਅਤੇ ਸੂਝ ਦੇ ਉਲਟ ਹੀ ਕਦਮ ਚੁਕੇ ਹਨ ਜਿਸ ਕਰਕੇ ਲੋਕਾਂ ਨੂੰ ਖ਼ੁਸ਼ਹਾਲੀ ਅਤੇ ਭਲਾਈ ਦੀ ਥਾਂ ਜ਼ੁਲਮ ਅਤੇ ਤਸ਼ੱਦਦ ਸਹਿਣੇ ਪੈ ਰਹੇ ਹਨ ਤੇ ਦੁਖ ਤੇ ਕਲੇਸ਼ ਦੀ ਜ਼ਿੰਦਗੀ ਬਸਰ ਕਰਨੀ ਪੈ ਰਹੀ ਹੈ।

ਕਿਸਾਨਾਂ, ਖੇਤ ਮਜ਼ਦੂਰਾਂ, ਮਜ਼ਦੂਰਾਂ ਅਤੇ ਜਿਹੜੇ ਮਿਹਨਤਕਸ਼ ਸੰਗਠਿਤ ਨਹੀਂ ਉਨ੍ਹਾਂ ਦੀ ਆਬਾਦੀ ਹਿੰਦੁਸਤਾਨ ਦੇ ਕੰਮ ਕਰਨ ਵਾਲਿਆਂ ਦੀ ਕੁਲ ਆਬਾਦੀ ਦਾ ਤਕਰੀਬਨ 99% ਹਿਸਾ ਹੈ। ਇਹ ਇਕ ਕੌੜਾ ਸੱਚ ਹੈ ਕਿ ਇਨ੍ਹਾਂ ਸਾਰਿਆਂ ਕਿਰਤੀਆਂ, ਕਿਸਾਨਾਂ, ਖੇਤ ਮਜ਼ਦੂਰਾਂ ਅਤੇ ਗੈਰ ਸੰਗਠਿਤ ਲੋਕਾਂ ਦਾ ਬਹੁਤ ਹੀ ਬੁਰਾ ਹਾਲ ਹੈ। ਕਈ ਥਾਂਵਾਂ ਤੇ ਉਹ ਖ਼ੁਦਕਸ਼ੀਆਂ ਵੀ ਕਰ ਰਹੇ ਹਨ। ਇਨ੍ਹਾਂ ਦਾ ਭੈੜਾ ਹਾਲ ਇਸ ਕਰਕੇ ਨਹੀਂ ਹੈ ਕਿ ਇਹ ਲੋਕ ਦੌਲਤ ਪੈਦਾ ਨਹੀਂ ਕਰਦੇ ਜਾਂ ਹਿੰਦੁਸਤਾਨ ਵਿਚ ਕਿਸੇ ਚੀਜ਼ ਦੀ ਘਾਟ ਹੈ। ਹਿੰਦੁਸਤਾਨ ਕੁਦਰਤੀ ਅਤੇ ਮਨੁੱਖੀ ਸੋਮਿਆਂ ਨਾਲ ਭਰਪੂਰ ਹੈ। ਪਰ ਆਜ਼ਾਦੀ ਦੇ ਬਾਅਦ ਜਿੰਨੀਆਂ ਵੀ ਸਰਕਾਰਾਂ ਆਈਆਂ ਹਨ ਉਨ੍ਹਾਂ ਚੋਂ` ਕਿਸੇ ਨੇ ਵੀ ਲੋਕਾਂ ਦੀ ਖ਼ੁਸ਼ਹਾਲੀ ਦੀ ਗਰੰਟੀ ਨਹੀਂ ਦਿਤੀ। ਹਿੰਦੁਸਤਾਨ ਦੇ ਸੰਵਿਧਾਨ ਵਿਚ ਬੇਸ਼ੱਕ ਕਈ ਤਰਾਂ ਦੇ ਉੱਚੇ ਅਸੂਲਾਂ ਦਾ ਜ਼ਿਕਰ ਕੀਤਾ ਤਾਂ ਗਿਆ ਹੈ ਪਰ ਇਨ੍ਹਾਂ ਅਸੂਲਾਂ ਨੂੰ ਅਮਲ ਵਿਚ ਲਿਆਉਣ ਲਈ ਰਾਜ ਤੰਤ੍ਰ ਅਤੇ ਕਿਸੇ ਵੀ ਸਰਕਾਰ ਨੇ ਕੋਈ ਯਤਨ ਨਹੀਂ ਕੀਤਾ। ਹਿੰਦੁਸਤਾਨ ਦੀਆਂ ਅਦਾਲਤਾਂ ਨੇ ਵੀ ਫੈਸਲੇ ਦਿਤੇ ਹਨ ਕਿ ਰੁਜ਼ਗਾਰ ਇਕ ਬੁਨਿਆਦੀ ਹੱਕ ਹੈ ਅਤੇ ਇਸ ਤੋਂ ਬਗੈਰ ਜੀਣ ਦੇ ਹੱਕ ਦਾ ਕੋਈ ਅਰਥ ਨਹੀਂ। ਪਰ ਇਹ ਸਾਰੇ ਅਸੂਲ ਅਤੇ ਫੈਸਲੇ ਕਾਗ਼ਜ਼ਾਂ ਦਾ ਸ਼ਿੰਗਾਰ ਹੀ ਰਹੇ ਹਨ ਅਮਲ ਵਿਚ ਨਹੀਂ ਲਿਆਂਦੇ ਗਏ। ਮਿਸਾਲ ਦੇ ਤੌਰ ਤੇ 1947 ਤੋਂ ਹੀ ਸਰਕਾਰਾਂ ਨੇ ਬੇਜ਼ਮੀਨੇ ਕਿਸਾਨਾਂ ਨੂੰ ਜ਼ਮੀਨ ਦੇਣ ਦਾ ਨਾਅਰਾ ਲਾਇਆ ਸੀ ਪਰ ਅਜੇ ਤੱਕ ਬੇਜ਼ਮੀਨੇ ਕਿਸਾਨਾਂ ਨੂੰ ਜ਼ਮੀਨ ਨਹੀਂ ਦਿਤੀ ਗਈ ਹਾਲਾਂ ਕਿ ਮੁਲਕ ਦੀ ਤਮਾਮ ਖੇਤੀ ਯੋਗ ਜ਼ਮੀਨ ਦਾ 60% ਹਿਸਾ ਸਰਕਾਰ ਕੋਲ ਹੈ। 1950-51 ਵਿਚ ਸਰਕਾਰ ਨੇ ਲੋਕਾਂ ਦੇ ਪੈਸੇ ਦਾ 670 ਕਰੋੜ ਰੁਪਿਆ ਰਾਜੇ ਮਹਾਰਾਜਿਆਂ ਨੂੰ ਦੇ ਕੇ ਉਨ੍ਹਾਂ ਤੋਂ ਬੇਜ਼ਮੀਨੇ ਕਿਸਾਨਾਂ ਨੂੰ ਜ਼ਮੀਨ ਦੇਣ ਲਈ ਜ਼ਮੀਨ ਖ਼ਰੀਦੀ ਸੀ ਲੇਕਿਨ ਇਹ ਜ਼ਮੀਨ ਭੂਮੀਹੀਣ ਕਿਸਾਨਾਂ ਨੂੰ ਨਹੀਂ ਵੰਡੀ ਗਈ।

ਕਾਗਜ਼ ਤੇ ਤਾਂ ਸਾਰੀਆਂ ਹੀ ਸਰਕਾਰਾਂ ਨੇ ਕਿਸਾਨਾਂ ਅਤੇ ਹੋਰ ਮਿਹਨਤਕਸ਼ਾਂ ਦੀ ਭਲਾਈ ਅਤੇ ਖ਼ੁਸ਼ਹਾਲੀ ਦੇ ਬਹੁਤ ਦਮਗਜੇ ਮਾਰੇ ਹਨ। ਪਰ ਅਮਲ ਕਿਸੇ ਨੇ ਨਹੀਂ ਕੀਤਾ। ਕੀ ਮਨਮੋਹਨ ਸਿੰਘ ਦੀ ਸਰਕਾਰ ਅਤੇ ਕਾਂਗਰਸ ਦੇ ਹੋਰ ਜੁੰਡੀਦਾਰ ਹੁਣ ਇਨ੍ਹਾਂ ਕਾਗ਼ਜ਼ਾਂ ਵਿਚਲੀਆਂ ਲਕੀਰਾਂ ਨੂੰ ਅਮਲ ਵਿਚ ਲਿਆ ਸਕਦੇ ਹਨ? ਬਿਲਕੁਲ ਨਹੀਂ। ਮਨਮੋਹਨ ਸਿੰਘ ਭਾਵੇਂ ਰਿਜ਼ਰਵ ਬੈਂਕ ਦਾ ਗਵਰਨਰ ਸੀ ਜਾਂ ਖ਼ਜ਼ਾਨਾ ਮੰਤਰੀ ਸੀ, ਉਹਨੇ ਕਦੇ ਵੀ ਹਿੰਦੁਸਤਾਨੀਆਂ ਦੀ ਸਿਆਸੀ ਸੋਚ ਅਤੇ ਆਰਥਕ ਨਜ਼ਰੀਏ ਤੋਂ ਸੇਧ ਨਹੀਂ ਹਾਸਿਲ ਕੀਤੀ। ਖ਼ਜ਼ਾਨਾ ਮੰਤਰੀ ਹੋਣ ਸਮੇਂ ਜੋ ਸੁਧਾਰ ਉਸ ਨੇ ਪੇਸ਼ ਕੀਤੇ ਸਨ ਉਹ ਹਿੰਦੁਸਤਾਨੀ ਸਿਆਸੀ ਅਤੇ ਆਰਥਕ ਸਿਧਾਂਤਾਂ ਦੇ ਉਲਟ ਸਨ। ਉਹ ਸਾਰੇ ਸੁਧਾਰ ਲੋਕਾਂ ਦੀ ਭਲਾਈ ਅਤੇ ਖ਼ੁਸ਼ਹਾਲੀ ਤੇ ਸੱਟ ਮਾਰਨ ਵਾਲੇ ਸਨ। ਜਦੋਂ ਪੰਜਾਬ ਵਿਚ ਹਿੰਦੁਸਤਾਨ ਦੀ ਸਰਕਾਰ ਨੇ ਜ਼ੁਲਮਾਂ ਦੀ ਅੱਤ ਚੁੱਕੀ ਹੋਈ ਸੀ ਅਤੇ ਦਹਿਸ਼ਤਗਰਦੀ ਫੈਲਾਈ ਹੋਈ ਸੀ ਤਾਂ ਉਸ ਵਕਤ ਜਨੇਵਾ ਵਿਚ ਯੂ.ਐਨ.ਓ. ਦੇ ਮਨੁੱਖੀ ਹੱਕਾਂ ਦੇ ਕਮਿਸ਼ਨ ਦੇ ਸਾਹਮਣੇ ਹਿੰਦੁਸਤਾਨ ਦੀ ਸਰਕਾਰ ਦੀ ਵਕਾਲਤ ਕਰਦੇ ਹੋਏ ਇਸੇ ਮਨਮੋਹਨ ਸਿੰਘ ਨੇ ਕਿਹਾ ਸੀ ਕਿ ਹਿੰਦੁਸਤਾਨ ਦੀ ਫੌਜ ਅਤੇ ਨੀਮ ਫੌਜ ਕਿਸੇ ਵੀ ਮਨੁੱਖੀ ਹੱਕ ਦੀ ਉਲੰਘਣਾ ਨਹੀਂ ਕਰ ਰਹੀ ਹੈ ਅਤੇ ਨਾ ਕਦੇ ਕੀਤੀ ਹੈ। ਇਸ ਮਨਮੋਹਨ ਸਿੰਘ ਦੀ ਸਰਕਾਰ ਹੁਣ ਲੋਕਾਂ ਦੇ ਸੁੱਖ ਅਤੇ ਖ਼ੁਸ਼ਹਾਲੀ ਦਾ ਇੰਤਜ਼ਾਮ ਕਿਵੇਂ ਕਰ ਸਕਦੀ ਹੈ? ਮਨਮੋਹਨ ਸਿੰਘ ਦੀ ਸਰਕਾਰ ਕਿਸ ਤਰ੍ਹਾਂ ਕਿਸਾਨਾਂ, ਖੇਤ ਮਜ਼ਦੂਰਾਂ, ਮਜ਼ਦੂਰਾਂ ਅਤੇ ਗੈਰ ਸੰਗਠਿਤ ਲੋਕਾਂ ਦੀ ਭਲਾਈ ਦਾ ਇੰਤਜ਼ਾਮ ਕਰ ਸਕਦੀ ਹੈ ਜਦਕਿ ਸਮਾਜ ਵਿਚ ਉਤਪਾਦਨ ਦੇ ਬੁਨਿਆਦੀ ਰਿਸ਼ਤਿਆਂ ਦਾ ਇਹ ਮੰਤਵ ਹੀ ਨਹੀਂ? ਕੀ ਉਹ ਇਨ੍ਹਾਂ ਰਿਸ਼ਤਿਆਂ ਦੇ ਖ਼ਿਲਾਫ਼ ਜਾ ਸਕਦੀ ਹੈ? ਕੀ ਮਨਮੋਹਨ ਸਿੰਘ ਦੀ ਸਰਕਾਰ ਹਿੰਦੁਸਤਾਨੀ ਸਿਆਸੀ ਸੇਧ ਅਤੇ ਸੂਝ ਤੋਂ ਅਗਵਾਈ ਲੈ ਕੇ ਲੋਕਾਂ ਦੀ ਖ਼ੁਸ਼ਹਾਲੀ ਲਈ ਕਦਮ ਉਠਾ ਸਕਦੀ ਹੈ? ਬਿਲਕੁਲ ਨਹੀਂ। ਇਸ ਕਰਕੇ ਸਾਂਝੇ ਪ੍ਰੋਗਰਾਮ ਦਾ ਇਹ ਤੀਜਾ ਅਸੂਲ ਵੀ ਸਾਰੇ ਹਿੰਦੁਸਤਾਨ ਦੇ ਲੋਕਾਂ ਨਾਲ ਠੱਠਾ ਹੀ ਹੈ। ਮਨਮੋਹਨ ਸਿੰਘ ਦੀ ਸਰਕਾਰ 99% ਲੋਕਾਂ ਦੀ ਖ਼ੁਸ਼ਹਾਲੀ ਵਿਚ ਨਾ ਦਿਲਚਸਪੀ ਰਖਦੀ ਹੈ ਅਤੇ ਨਾ ਇਹ ਕੰਮ ਇਹਦੇ ਵੱਸ ਦਾ ਹੈ। ਇਕ ਪਾਸੇ ਮਨਮੋਹਨ ਸਿੰਘ ਅਤੇ ਹੋਰ ਲੀਡਰ ਬਿਆਨ ਦੇ ਰਹੇ ਹਨ ਕੀ ਉਹ ਅਰਥਚਾਰੇ ਨੂੰ ਮੌਜੂਦਾ ਲੀਹਾਂ ਤੇ ਬਰਕਰਾਰ ਰੱਖਣਗੇ ਅਤੇ ਕੋਈ ਬੁਨਿਆਦੀ ਤਬਦੀਲੀ ਨਹੀਂ ਕਰਨਗੇ, ਦੂਜੇ ਪਾਸੇ ਸਾਂਝੇ ਪ੍ਰੋਗਰਾਮ ਵਿਚ ਇਹ 99% ਲੋਕਾਂ ਨੂੰ ਖ਼ੁਸ਼ਹਾਲ ਕਰਨ ਦੀ ਗੱਲ ਕਰ ਰਹੇ ਹਨ ਜੋ ਬੁਨਿਆਦੀ ਤਬਦੀਲੀਆਂ ਦੇ ਬਗੈਰ ਮੁਮਕਿਨ ਹੀ ਨਹੀਂ। ਇਹ ਅਸੂਲ ਸਿਰਫ਼ ਮਜ਼ਦੂਰਾਂ, ਕਿਸਾਨਾਂ, ਮਿਹਨਤਕਸ਼ਾਂ ਅਤੇ ਆਮ ਕਮਿਉਨਿਸਟਾਂ, ਰੌਸ਼ਨ ਖਿਆਲ ਲੋਕਾਂ ਦੀ ਅੱਖਾਂ ਵਿਚ ਘੱਟਾ ਪਾਉਣ ਲਈ ਹੈ। ਇਹ ਲੋਕਾਂ ਦੀਆਂ ਅੱਖਾਂ ਪੂੰਝਣ ਨੂੰ ਕਹੀ ਗਈ ਗੱਲ ਹੈ ਹਕੀਕਤ ਵਿਚ ਇਹਦਾ ਕੋਈ ਮਤਲਬ ਨਹੀਂ।

ਯੂ.ਪੀ.ਏ. ਦੇ ਸਾਂਝੇ ਘੱਟੋ-ਘੱਟ ਪ੍ਰੋਗਰਾਮ ਦਾ ਚੌਥਾ ਅਸੂਲ ਇਹ ਦਸਿਆ ਗਿਆ ਹੈਃ

*"ਔਰਤਾਂ ਨੂੰ ਪੂਰੀ ਤਰਾਂ ਸ਼ਕਤੀਵਾਨ ਕਰਨਾ। ਸਿਆਸੀ ,ਤਾਲੀਮੀ, ਆਰਥਕ ਅਤੇ ਕਾਨੂੰਨੀ ਤੌਰ ਤੇ ਔਰਤਾਂ ਨੂੰ ਪੂਰੀ ਸਮਰੱਥਾ ਦੇਣਾ।"*

ਸਮਾਜ ਵਿਚ ਕਈ ਸਮੂਹ ਹਨ ਅਤੇ ਉਨ੍ਹਾਂ ਦੀਆਂ ਆਪਣੀਆਂ ਖ਼ਾਸ ਲੋੜਾਂ ਹਨ। ਔਰਤਾਂ ਦੇ ਵਿਸ਼ੇਸ਼ ਮਸਲੇ ਹਨ, ਮਜ਼ਦੂਰਾਂ ਦੇ ਵਿਸ਼ੇਸ਼ ਮਸਲੇ ਹਨ, ਨੌਜੁਆਨਾਂ ਦੇ ਵਿਸੇਸ਼ ਮਸਲੇ ਹਨ, ਅਤੇ ਹੋਰ ਸਮੂਹਾਂ ਦੇ ਵੀ ਮਸਲੇ ਹਨ ਜੋ ਵਿਸ਼ੇਸ਼ ਹਨ। ਲੁੱਟ ਖਸੁੱਟ ਦੇ ਰਿਸ਼ਤਿਆਂ ਤੇ ਅਧਾਰਤ ਸਮਾਜ ਵਿਚ ਔਰਤਾਂ ਦਾ ਹਾਲ ਬਹੁਤਾ ਮਾੜਾ ਹੁੰਦਾ ਹੈ ਕਿਉਂਕਿ ਉਨ੍ਹਾਂ ਦੀ ਲੁੱਟ ਕਾਮਿਆਂ ਦੇ ਤੌਰ ਤੇ ਵੀ

ਹੁੰਦੀ ਹੈ ਤੇ ਮਰਦ ਪ੍ਰਧਾਨ ਸਮਾਜ ਵਿਚ ਪਹਿਲਾਂ ਬਾਪ ਦੀ ਧੌਂਸ ਅਤੇ ਫੇਰ ਪਤੀ ਦੀ ਧੌਂਸ ਦਾ ਵੀ ਸ਼ਿਕਾਰ ਹਨ। ਸਮਾਜ ਵਿਚ ਸਥਾਪਤ ਮੌਜੂਦਾ ਲੁੱਟ ਦੇ ਰਿਸ਼ਤੇ ਔਰਤਾਂ ਖਿਲਾਫ ਹਿੰਸਾ ਨੂੰ ਹੋਰ ਵਧਾਉਂਦੇ ਹਨ। ਬੇਰੁਜ਼ਗਾਰੀ, ਸਰਕਾਰੀ ਤਸ਼ੱਦਦ ਅਤੇ ਦਹਿਸ਼ਤਗਰਦੀ ਦਾ ਸ਼ਿਕਾਰ ਔਰਤਾਂ ਸਾਰਿਆਂ ਨਾਲੋਂ ਜ਼ਿਆਦਾ ਹੁੰਦੀਆਂ ਹਨ। ਦਸਿਆ ਜਾਂਦਾ ਹੈ ਕਿ ਦਿੱਲੀ ਵਿਚ ਹੀ ਦਹੇਜ ਦੇ ਸਿਲਸਿਲੇ ਵਿਚ ਹਰ ਰੋਜ਼ ਕਿਸੇ ਨਾ ਕਿਸੇ ਔਰਤ ਨੂੰ ਅੱਗ ਲਾਈ ਜਾਂਦੀ ਹੈ। ਔਰਤਾਂ ਦੀ ਤਾਲੀਮ ਬਾਰੇ ਕੋਈ ਤਵੱਜੋ ਨਹੀਂ ਦਿਤੀ ਜਾਂਦੀ। ਸਰਕਾਰ ਬਜਟ ਦਾ ਸਿਰਫ ਡੇੜ ਫੀ ਸਦੀ ਹਿੱਸਾ ਹੀ ਤਾਲੀਮ ਅਤੇ ਸਮਾਜੀ ਭਲਾਈ ਉਤੇ ਖ਼ਰਚ ਕਰਦੀ ਹੈ। ਤਾਲੀਮ ਬਾਰੇ ਕੀਤੀ ਹੋਈ ਹਰ ਖੋਜ ਦਸਦੀ ਹੈ ਕਿ ਤਾਲੀਮੀ ਅਦਾਰਿਆਂ ਵਿਚ ਔਰਤਾਂ ਦੀ ਗਿਣਤੀ ਬਹੁਤ ਹੀ ਘੱਟ ਹੈ ਅਤੇ ਜਦੋਂ ਤਾਲੀਮ ਦੇ ਸਾਧਨਾਂ ਵਿਚ ਕਟੌਤੀ ਕੀਤੀ ਜਾਂਦੀ ਹੈ ਤਾਂ ਲੜਕੀਆਂ ਅਤੇ ਔਰਤਾਂ ਦੀ ਤਾਲੀਮ ਪਹਿਲਾਂ ਸ਼ਿਕਾਰ ਹੁੰਦੀ ਹੈ। ਲੜਕੀਆਂ ਅਤੇ ਔਰਤਾਂ ਤਾਲੀਮ ਲੈਣ ਵਿਚ ਬਹੁਤ ਹੀ ਦਿਲਚਸਪੀ ਰਖਦੀਆਂ ਹਨ ਅਤੇ ਤਾਲੀਮੀ ਅਦਾਰਿਆਂ ਦੇ ਮੁਕਾਬਲਿਆਂ ਵਿਚ ਵੀ ਅੱਗੇ ਹੁੰਦੀਆਂ ਹਨ ਪਰ ਜਿੱਥੇ ਤਕ ਹਿੰਦੁਸਤਾਨ ਦੀ ਹਕੂਮਤ ਦੀਆਂ ਨੀਤੀਆਂ ਦਾ ਸਵਾਲ ਹੈ ਇਸ ਨੇ ਹਮੇਸ਼ਾ ਹੀ ਔਰਤਾਂ ਦੇ ਸਿਆਸੀ, ਤਾਲੀਮੀ ਅਤੇ ਆਰਥਕ ਹੱਕਾਂ ਤੇ ਸੱਟ ਮਾਰੀ ਹੈ ਅਤੇ ਔਰਤਾਂ ਨਾਲ ਵਿਤਕਰੇ ਵਾਲੇ ਕਾਨੂੰਨ ਬਣਾਏ ਹਨ। ਔਰਤਾਂ ਨਾਲ ਵਿਤਕਰਾ ਜੀਵਨ ਦੇ ਹਰ ਪਹਿਲੂ ਵਿਚ ਕੀਤਾ ਜਾਂਦਾ ਹੈ ਅਤੇ ਸਰਮਾਏਦਾਰੀ ਨਿਜ਼ਾਮ ਵਾਲੇ ਹਰ ਮੁਲਕ ਵਿਚ ਕੀਤਾ ਜਾਂਦਾ ਹੈ। ਮਿਸਾਲ ਦੇ ਤੌਰ ਤੇ ਬਰਾਬਰੀ ਅਤੇ ਮਨੁਖੀ ਹੱਕਾਂ ਦੀਆਂ ਵੱਡੀਆਂ ਵੱਡੀਆਂ ਫੜ੍ਹਾਂ ਮਾਰਨ ਵਾਲੇ ਅਮਰੀਕਾ ਵਿਚ ਅਜੇ ਵੀ ਔਰਤਾਂ ਨੂੰ ਮਰਦਾਂ ਦੇ ਬਰਾਬਰ ਤਨਖ਼ਾਹ ਨਹੀਂ ਦਿਤੀ ਜਾਂਦੀ। ਉਨ੍ਹਾਂ ਨੂੰ ਮਰਦਾਂ ਨਾਲੋਂ ੩੦ ਫੀ ਸਦੀ ਘੱਟ ਪੈਸੇ ਦਿਤੇ ਜਾਂਦੇ ਹਨ। ਇਸੇ ਤਰਾਂ ਉਨ੍ਹਾਂ ਨਾਲ ਘਰਾਂ ਵਿਚ ਵੀ ਹਿੰਸਾ ਕੀਤੀ ਜਾਂਦੀ ਹੈ। ਸਰਕਾਰੀ ਰਿਪੋਰਟਾਂ ਮੁਤਾਬਿਕ ਇਹ ਦਸਿਆ ਜਾਂਦਾ ਹੈ ਕਿ ਅਮਰੀਕਾ ਵਿਚ ਹਰ ਸਾਲ ੫ ਲੱਖ ਔਰਤਾਂ ਘਰਾਂ ਵਿਚ ਮਾਰ ਕੁੱਟ ਨਾਲ ਜ਼ਖ਼ਮੀ ਹੁੰਦੀਆਂ ਹਨ। ਅੱਜ ਸਮਾਜ ਵਿਚ ਸਾਰਿਆਂ ਨਾਲੋਂ ਅਹਿਮ ਸੁਆਲ ਹੈ ਕਿ ਸਮਾਜੀ ਹਿਤਾਂ, ਸਾਮੂਹਿਕ ਹਿਤਾਂ ਅਤੇ ਜ਼ਾਤੀ ਹਿਤਾਂ ਨੂੰ ਇਕਸੁਰ ਕਿਵੇਂ ਕੀਤਾ ਜਾਵੇ। ਇਨ੍ਹਾਂ ਸਾਰਿਆਂ ਸਮੂਹਾਂ ਦੀਆਂ ਲੋੜਾਂ ਪੂਰੀਆਂ ਕਰਨ ਲਈ ਕੀ ਕਰਨ ਦੀ ਲੋੜ ਹੈ? ਇਹ ਅੱਜ ਦਾ ਭਖਦਾ ਸੁਆਲ ਹੈ।

ਕਾਂਗਰਸ ਅਤੇ ਹੋਰ ਪਾਰਟੀਆਂ ਵਾਲੇ ਜਿਨ੍ਹਾਂ ਦੇ ਰਾਜ ਵਿਚ ਔਰਤਾਂ ਉਤੇ ਅਣਗਿਣਤ ਸਿਆਸੀ ਅਤੇ ਸਮਾਜੀ ਜ਼ੁਲਮ ਹੁੰਦੇ ਰਹੇ ਹਨ ਉਹ ਅੱਜ ਔਰਤਾਂ ਨੂੰ ਤਾਕਤਵਰ ਬਣਾਉਣ ਬਾਰੇ ਕਸਮਾਂ ਖਾ ਰਹੇ ਹਨ। ਦੂਰ ਨਾ ਜਾਕੇ ਜੇ ਇਨ੍ਹਾਂ ਪਾਰਟੀਆਂ ਵੱਲ ਹੀ ਧਿਆਨ ਮਾਰੀਏ ਤਾਂ ਇਨ੍ਹਾਂ ਪਾਰਟੀਆਂ ਦੇ ਅੰਦਰ ਵੀ ਔਰਤਾਂ ਕੋਲ ਕੋਈ ਤਾਕਤ ਨਹੀਂ। ਇਨ੍ਹਾਂ ਲਈ ਔਰਤਾਂ ਨੂੰ ਸ਼ਕਤੀਵਾਨ ਕਰਨਾ ਬਿਹਾਰ ਵਾਂਗ ਰਬੜੀ ਦੇਵੀ ਨੂੰ ਸਰਕਾਰ ਸੰਭਾਲ ਦੇਣਾ ਅਤੇ ਹੋਰ ਡਰਾਮੇਬਾਜ਼ੀਆਂ ਕਰਨਾ ਹੈ। ਮਰਦ ਪ੍ਰਧਾਨ ਅਤੇ ਪੂੰਜੀਵਾਦੀ ਸਮਾਜ ਵਿਚ ਇਹ ਸਰਕਾਰ ਕੋਈ ਬੁਨਿਆਦੀ ਤਬਦੀਲੀ ਕੀਤੇ ਬਗੈਰ ਔਰਤਾਂ ਨੂੰ ਇਕ ਚੁਟਕੀ ਨਾਲ ਸਮਰੱਥ ਕਿਸ ਤਰਾਂ ਕਰ ਸਕਦੀ ਹੈ? ਮਿਸਾਲ ਦੇ ਤੌਰ ਤੇ ਜੇ ਅਸੀਂ ਪੱਛਮੀ ਬੰਗਾਲ ਦੀ ਸਰਕਾਰ ਦੀ ਹੀ ਗੱਲ ਕਰੀਏ ਜਿੱਥੇ ਕਿ ਇਸ ਸਾਂਝੇ ਪ੍ਰੋਗਰਾਮ ਦੀ ਹਿਮਾਇਤੀ ਪਾਰਟੀ ਦੀ ਸਰਕਾਰ ਹੈ ਤਾਂ ਸਾਨੂੰ ਸਾਫ ਦਿਸਦਾ ਹੈ ਕਿ ਔਰਤਾਂ ਨੂੰ ਕਿੰਨੀ ਕੁ ਤਾਕਤ ਹਾਸਿਲ ਹੈ। 27 ਸਾਲ ਤਾਕਤ ਵਿਚ ਹੋਣ ਦੇ ਬਾਵਜੂਦ ਵੀ ਔਰਤਾਂ ਉਥੇ ਜਬਰ ਅਤੇ ਜ਼ੁਲਮ ਦਾ ਸ਼ਿਕਾਰ ਹਨ ਅਤੇ ਪਤੀ ਦੇ ਹੱਕਾਂ ਦੀ ਧੌਂਸ ਅਤੇ ਬਾਪ ਦੇ ਹੱਕਾਂ ਦੀ ਧੌਂਸ ਹੇਠ ਆਪਣੀ ਜ਼ਿੰਦਗੀ ਬਸਰ ਕਰਦੀਆਂ ਹਨ। ਹਕੀਕਤ ਇਹ ਹੈ ਕਿ ਹਿੰਦੁਸਤਾਨੀ ਹਾਕਿਮ ਜਮਾਤਾਂ ਅਤੇ ਉਨ੍ਹਾਂ ਦੇ ਰਾਜ ਤੰਤ੍ਰ ਤਹਿਤ ਹਰ ਤਰੀਕੇ ਨਾਲ ਲੁੱਟ ਖਸੁੱਟ ਦੇ ਰਿਸ਼ਤਿਆਂ ਨੂੰ ਅਤੇ ਔਰਤਾਂ ਉਪਰ ਦਬਾਅ ਨੂੰ ਅਤੇ ਔਰਤਾਂ ਖਿਲਾਫ ਬਰਾਮਣਵਾਦੀ ਕੁਰੀਤੀਆਂ ਨੂੰ ਹੋਰ ਪੱਕਾ ਹੀ ਕੀਤਾ ਗਿਆ ਹੈ।

ਇਹ ਰਾਜਤੰਤ੍ਰ ਅਤੇ ਇਹਨੂੰ ਚਲਾਉਣ ਵਾਲੀਆਂ ਸਰਕਾਰਾਂ ਜੋ ਸਦਾ ਔਰਤਾਂ ਦੇ ਹੱਕਾਂ ਨੂੰ ਸੱਟਾਂ ਮਾਰਦੇ ਆਏ ਹਨ ਹੁਣ ਔਰਤਾਂ ਨੂੰ ਸਮਰੱਥਾ ਦੇਣ ਦੀਆਂ ਗੱਲ ਕਿਉਂ ਕਰ ਰਹੇ ਹਨ? ਕਿਉਂਕਿ ਔਰਤਾਂ ਲੁੱਟ ਖਸੁਟ, ਜ਼ੁਲਮ ਅਤੇ ਧੌਂਸ ਦੇ ਰਿਸ਼ਤਿਆਂ ਦੇ ਖਿਲਾਫ ਜਦੋਜਹਿਦ ਵਿਚ ਅੱਗੇ ਹੋ ਕੇ ਹਿੱਸਾ ਪਾਉਂਦੀਆਂ ਹਨ, ਪਿਛਲੇ ਦਹਾਕਿਆਂ ਵਿਚ ਹਿੰਦੁਸਤਾਨ ਦੀਆਂ ਔਰਤਾਂ ਨੇ ਆਪਣੇ ਹੱਕਾਂ ਲਈ ਘੋਲ ਤੇਜ਼ ਕੀਤੇ ਹਨ ਤੇ ਸਮਾਜ ਨੂੰ ਦਰਪੇਸ਼ ਹਰੇਕ ਮਸਲੇ ਬਾਰੇ ਜਦੋਜਹਿਦ ਵਿਚ ਵੀ ਉਨ੍ਹਾਂ ਨੇ ਅੱਗੇ ਵੱਧਕੇ ਹਿੱਸਾ ਲਿਆ ਹੈ ਅਤੇ ਲੈ ਰਹੀਆਂ ਹਨ। ਇਸ ਲਈ ਜਦੋਜਹਿਦਾਂ ਵਿਚ ਔਰਤਾਂ ਦੀ ਸ਼ਮੂਲੀਅਤ ਨੂੰ ਸੱਟ ਮਾਰਨ ਲਈ ਨਵੀਂ ਸਰਕਾਰ ਦੀ ਇਹ ਇਕ ਚਾਲ ਹੈ ਕਿ ਇਨ੍ਹਾਂ ਦਾ ਪ੍ਰੋਗਰਾਮ ਹੇਠ ਹੁਣ ਔਰਤਾਂ ਨੂੰ ਸਮਰੱਥ ਬਣਾਇਆ ਜਾਵੇਗਾ ਤੇ ਇਸ ਕਰਕੇ ਉਨ੍ਹਾਂ ਨੂੰ ਜਦੋਜਹਿਦ ਕਰਨ ਦੀ ਜ਼ਰੂਰਤ ਨਹੀਂ। ਪਹਿਲਾਂ ਔਰਤਾਂ ਦੀ ਜਦੋਜਹਿਦ ਅਤੇ ਲਹਿਰ ਨੂੰ ਐਨ.ਜੀ.ਓ. ਦੇ ਭੰਬਲਭੂਸੇ ਵਿਚ ਪਾਕੇ ਕੁਰਾਹੇ ਪਾਉਣ ਦੀਆਂ ਨਾਕਾਮ ਕੋਸ਼ਿਸ਼ਾਂ ਵੀ ਕੀਤੀਆਂ ਗਈਆਂ। ਇਹ ਐਨ.ਜੀ.ਓ. ਔਰਤਾਂ ਨੂੰ ਲਾਰੇ ਲਾਂਉਦੀਆਂ ਸੀ ਕਿ ਔਰਤਾਂ ਨੂੰ ਸਿਆਸੀ ਤੌਰ ਤੇ ਸਰਗਰਮ ਹੋਣ ਦੀ ਕੋਈ ਲੋੜ ਨਹੀਂ ਤੇ ਇਧਰੋਂ ਉਧਰੋਂ ਮੰਗਤਿਆਂ ਵਾਂਗ ਪੈਸੇ ਲੈਕੇ ਆਪਣੇ ਮਸਲੇ ਹਲ ਕਰ ਲੈਣੇ ਚਾਹੀਦੇ ਹਨ ਤੇ ਆਪਣੀ ਜਦੋਜਹਿਦ ਨੂੰ ਇਸ ਹੱਦ ਤਕ ਹੀ ਮਹਿਦੂਦ ਰਖਣਾ ਚਾਹੀਦਾ ਹੈ, ਅਤੇ ਨਵੇਂ ਰਿਸ਼ਤੇ ਅਤੇ ਰਾਜਤੰਤ੍ਰ ਬਣਾਉਣ ਦੀ ਗੱਲ ਨਹੀਂ ਕਰਨੀ ਚਾਹੀਦੀ। ਸਾਮਰਾਜ ਦੀ ਏਜੰਸੀਆਂ ਨੇ ਵੀ ਔਰਤਾਂ ਦੀ ਲਹਿਰ ਵਿਚ ਭੁਲੇਖੇ ਖੜੇ ਕਰਨ ਦੀ ਕੋਸ਼ਿਸ਼ ਕੀਤੀ ਕਿ ਐਨ.ਜੀ.ਓ. ਦੇ ਲੜ ਲੱਗ ਕੇ ਔਰਤਾਂ ਸ਼ਕਤੀਵਾਨ ਹੋ ਸਕਦੀਆਂ ਹਨ। ਪਰ ਇਹ ਸਾਰੇ ਹੱਥਕੰਡੇ ਔਰਤਾਂ ਨੂੰ ਗੁੰਮਰਾਹ ਨਹੀਂ ਕਰ ਸਕੇ। ਹਿੰਦੁਸਤਾਨ ਦੀਆਂ ਔਰਤਾਂ ਇਨ੍ਹਾਂ ਭਲੇਖਿਆਂ ਅਤੇ ਭੰਬਲਭੂਸਿਆਂ ਵਿਚ ਨਹੀਂ ਫਸੀਆਂ। ਉਹ ਵਿਸ਼ਵੀਕਰਨ, ਨਿਜੀਕਰਣ, ਉਦਾਰੀਕਰਣ ਅਤੇ ਸਾਮਰਾਜੀ ਜੰਗ ਦੇ ਖਿਲਾਫ ਸਭ ਦੇਸ਼ ਭਗਤਾਂ, ਕਿਰਤੀਆਂ, ਕਿਸਾਨਾਂ ਨੌਜਵਾਨਾਂ, ਅਗਾਂਹਵਧੂ ਅਤੇ ਰੌਸ਼ਨ ਖ਼ਿਆਲ ਲੋਕਾਂ ਨਾਲ ਮੋਢਾ ਲਾਕੇ ਘੋਲ ਕਰ ਰਹੀਆਂ ਹਨ ਅਤੇ ਆਪਣੇ ਵਿਚ ਸਮਰੱਥਾ ਪੈਦਾ ਕਰ ਰਹੀਆਂ ਹਨ। ਉਹ ਆਪਣੇ ਮਸਲਿਆਂ ਦੇ ਹੱਲ ਲੱਭਣ ਲਈ ਆਪ ਹਿੰਮਤ ਕਰ ਰਹੀਆਂ ਹਨ। ਉਨ੍ਹਾਂ ਨੂੰ ਪਤਾ ਹੈ ਕਿ ਇਸ ਤੰਤ੍ਰ ਅਤੇ ਸਰਕਾਰ ਤੋਂ ਉਹ ਕੁਝ ਆਸ ਨਹੀਂ ਰਖ ਸਕਦੀਆਂ। ਸਿਆਸੀ ਖੇਤਰ ਵਿਚ ਔਰਤਾਂ ਹਰੇਕ ਲੋਕ ਲਹਿਰ ਅਤੇ ਜਦੋਜਹਿਦ ਵਿਚ ਮੁਹਰਲੀਆਂ ਸਫਾਂ ਵਿਚ ਹਨ। ਉਹ ਇਸ ਘੋਲ ਰਾਹੀਂ ਅਤੇ ਸਭਨਾਂ ਦੇ ਹੱਕਾਂ ਦੀ ਰਾਖੀ ਦੇ ਸੰਘਰਸ਼ ਨਾਲ ਹੀ ਆਪਣੇ ਆਪਨੂੰ ਸ਼ਕਤੀਵਾਨ ਕਰ ਸਕਦੀਆਂ ਹਨ। ਸਭਨਾਂ ਦੇ ਹੱਕਾਂ ਦੇ ਘੋਲਾਂ ਦੀ ਕਾਮਯਾਬੀ ਹੀ ਔਰਤਾਂ ਦੇ ਸ਼ਕਤੀਵਾਨ ਹੋਣ ਲਈ ਵੀ ਜ਼ਰੂਰੀ ਸ਼ਰਤ ਹੈ। ਸ਼ਕਤੀਵਾਨ ਹੋਣ ਲਈ ਉਨ੍ਹਾਂ ਨੂੰ ਮਨਮੋਹਨ ਸਿੰਘ ਵਰਗੇ ਮਸੀਹੇ ਦੀ ਲੋੜ ਨਹੀਂ ਹੈ।

ਯੂ.ਪੀ.ਏ. ਦੇ ਸਾਂਝੇ ਘੱਟੋ-ਘੱਟ ਪ੍ਰੋਗਰਾਮ ਦਾ ਪੰਜਵਾਂ ਅਸੂਲ ਇਹ ਦਸਿਆ ਗਿਆ ਹੈਃ

***"ਪੱਛੜੀਆਂ ਜਾਤਾਂ, ਕਬੀਲਿਆਂ, ਹੋਰਨਾਂ ਪਛੜੇ ਲੋਕਾਂ ਅਤੇ ਧਾਰਮਕ ਘੱਟ ਗਿਣਤੀ ਵਾਲਿਆਂ ਨੂੰ ਬਰਾਬਰ ਦੇ ਮੌਕੇ ਦੇਣਾ ਖ਼ਾਸ ਕਰ ਵਿਦਿਆ ਅਤੇ ਰੁਜ਼ਗਾਰ ਦੇ ਖ਼ੇਤਰਾਂ ਵਿਚ।"***

ਅੰਗ੍ਰੇਜ਼ਾਂ ਵੇਲੇ ਵੀ ਤੇ ਉਨ੍ਹਾਂ ਦੇ ਜਾਣ ਤੋਂ ਲੈਕੇ ਹੁਣ ਤੱਕ ਦੀ ਹਰੇਕ ਕੇਂਦਰੀ ਸਰਕਾਰ ਦਾ ਵੀ ਇਹ ਦਾਅਵਾ ਰਿਹਾ ਹੈ ਕਿ ਉਹ ਪਛੜੀਆਂ ਕੌਮੀਅਤਾਂ, ਪਛੜੀਆਂ ਜਾਤਾ, ਕਬੀਲਿਆਂ ਅਤੇ ਹੋਰ ਪਛੜੇ ਲੋਕਾਂ ਨਾਲ ਇਨਸਾਫ਼ ਕਰਨਗੇ ਅਤੇ ਉਨ੍ਹਾਂ ਨੂੰ ਬਰਾਬਰ ਦੇ ਮੌਕੇ ਦੇਣ ਦਾ ਇੰਤਜ਼ਾਮ ਕਰਨਗੇ। ਇਹ ਗੱਲ ਹਿੰਦੁਸਤਾਨ ਦੇ ਸੰਵਿਧਾਨ ਵਿਚ ਵੀ ਲਿਖੀ ਗਈ ਸੀ। ਲੇਕਿਨ ਕਬਾਇਲੀ ਲੋਕਾਂ ਸਮੇਤ ਹੋਰ ਸਾਰੇ ਪਛੜੇ ਲੋਕਾਂ ਦੀ ਹਾਲਤ ਸੁਧਰੀ ਨਹੀਂ ਸਗੋਂ ਮਾੜੀ ਹੁੰਦੀ ਗਈ ਹੈ। ਪਛੜੀਆਂ ਜਾਤਾਂ ਅਤੇ ਕਬਾਇਲੀ ਲੋਕਾਂ ਉਤੇ ਹਮਲੇ ਵੱਧਦੇ ਹੀ ਗਏ ਹਨ। ਜਿਹੜੇ ਮਾੜੇ ਮੋਟੇ ਹੱਕ ਅਤੇ ਰਾਹਤ ਲੋਕਾਂ ਨੇ ਆਪਣੀ ਜਦੋਜਹਿਦ ਨਾਲ ਬ੍ਰਹਾਮਣਵਾਦ, ਮੁੱਲਾਂਸ਼ਾਹੀ, ਸਮਾਜੀ ਪਛੜੇਪਨ ਅਤੇ ਧਾਰਮਿਕ ਕੁਰੀਤੀਆਂ ਦੇ ਖਿਲਾਫ ਹਾਸਲ ਕੀਤੇ ਸੀ ਹੁਣ ਹਾਕਮ ਜਮਾਤਾਂ ਅਤੇ ਉਨ੍ਹਾਂ ਦੀ ਸਰਕਾਰ ਕਿਸੇ ਨਾ ਕਿਸੇ ਬਹਾਨੇ ਇਨ੍ਹਾਂ ਨੂੰ ਖੋਹਨ ਜਾਂ ਰੱਦ ਕਰਨ ਦੀ ਕੋਸ਼ਿਸ਼ ਕਰ ਰਹੇ ਹਨ। ਇਸਦੇ ਨਾਲ ਹੀ ਇਨ੍ਹਾਂ ਸੁਧਾਰਾਂ ਨੂੰ ਉਹ ਲੋਕਾਂ ਵਿਚ ਫੁੱਟ ਪਾਉਣ ਲਈ ਵੀ ਵਰਤਦੇ ਹਨ। ਮਿਸਾਲ ਦੇ ਤੌਰ ਤੇ ਇਹ ਪ੍ਰਚਾਰ ਕੀਤਾ ਜਾਂਦਾ ਹੈ ਕਿ ਸਮਾਜ ਵਿਚ ਬੇਰੁਜ਼ਗਾਰੀ ਇਸ ਲਈ ਹੈ ਕਿਉਂਕਿ ਪਛੜੀਆਂ ਜਾਤਾਂ ਲਈ ਨੌਕਰੀਆਂ ਰਾਖਵੀਂਆਂ ਰੱਖੀਆਂ ਜਾਂਦੀਆਂ ਹਨ ਜਾਂ ਇਹ ਕਿ ਕਬਾਇਲੀ ਲੋਕ ਤਰੱਕੀ ਦੇ ਰਾਹ ਵਿਚ ਰੁਕਾਵਟ ਹਨ ਤੇ ਉਨ੍ਹਾਂ ਨੂੰ ਕੁਦਰਤੀ ਸੋਮਿਆਂ ਦੀ ਸੁਚੱਜੀ ਵਰਤੋਂ ਦਾ ਪਤਾ ਨਹੀਂ, ਅਤੇ ਘੱਟ ਗਿਣਤੀ ਵਾਲਿਆਂ ਨੂੰ ਸਰਕਾਰ ਸਿਰ ਤੇ ਚਾੜ੍ਹ ਰਹੀ ਹੈ। ਦਲਿਤਾਂ, ਕਬਾਇਲੀ ਲੋਕਾਂ ਅਤੇ ਘੱਟ ਗਿਣਤੀ ਵਾਲਿਆਂ ਖਿਲਾਫ ਹਮਲੇ ਸਰਕਾਰ ਅਤੇ ਸਿਆਸੀ ਪਾਰਟੀਆਂ ਜਥੇਬੰਦ ਕਰਦੀਆਂ ਹਨ। ਬਿਹਾਰ ਵਿਚ ਵੱਡੇ ਜ਼ਿਮੀਦਾਰਾਂ ਦੀਆਂ ਨਿਜੀ ਫੌਜਾਂ ਦਿਨ ਦਿਹਾੜੇ ਦਲਿਤਾਂ ਉਤੇ ਹਮਲੇ ਕਰਕੇ ਉਨ੍ਹਾਂ ਦੀਆਂ ਝੁਗੀਆਂ ਸਾੜ ਦਿੰਦੀਆਂ ਹਨ ਅਤੇ ਉਨ੍ਹਾਂ ਦੇ ਕਤਲ ਕਰਦੀਆਂ ਹਨ। ਸਰਕਾਰ ਭਾਵੇਂ ਕਿਸੇ ਵੀ ਪਾਰਟੀ ਦੀ ਹੋਵੇ ਇਨ੍ਹਾਂ ਕਾਤਲਾਂ ਖਿਲਾਫ ਕਦੇ ਕੋਈ ਕਾਰਵਾਈ ਨਹੀਂ ਕੀਤੀ ਜਾਂਦੀ। ਹਾਲ ਵਿਚ ਹੀ ਨਾਲੰਦਾ ਵਿਚ ਦਲਿਤਾਂ ਦੇ ਕਤਲ ਦੀਆਂ ਖ਼ਬਰਾਂ ਨੇ ਲੋਕਾਂ ਦਾ ਦਿਲ ਦਹਿਲਾ ਦਿਤਾ ਹੈ। ਹਰ ਸਾਲ ਦਲਿਤਾਂ ਉਤੇ ਸੈਂਕੜੇ ਹਮਲੇ ਹੁੰਦੇ ਹਨ, ਜ਼ੁਲਮ ਹੁੰਦੇ ਹਨ, ਪਰ ਕਿਸੇ ਮੁਜਰਮ ਦੇ ਖ਼ਿਲਾਫ ਕੋਈ ਕਾਰਵਾਈ ਨਹੀਂ ਕੀਤੀ ਜਾਂਦੀ।

ਅੰਗ੍ਰਜ਼ ਸਰਕਾਰ ਨੇ ਕਬਾਇਲੀ ਲੋਕਾਂ ਦੀਆਂ ਜ਼ਮੀਨਾਂ ਅਤੇ ਜੰਗਲਾਂ ਨੂੰ ਆਪਣੇ ਹੱਥ ਵਿਚ ਲੈ ਲਿਆ ਸੀ। ਆਜ਼ਾਦੀ ਦੇ ਬਾਅਦ ਵੀ ਕੇਂਦਰੀ ਸਰਕਾਰ ਨੇ ਕਬਾਇਲੀ ਲੋਕਾਂ ਨੂੰ ਉਨ੍ਹਾਂ ਜ਼ਮੀਨਾਂ ਤੋਂ ਕਈ ਥਾਵਾਂ ਤੋਂ ਉਠਾ ਦਿਤਾ ਅਤੇ ਉਨ੍ਹਾਂ ਦੀਆਂ ਜ਼ਮੀਨਾਂ ਅਤੇ ਜੰਗਲ ਵੱਡੇ ਸਰਮਾਏਦਾਰਾਂ ਅਤੇ ਜਗੀਰਦਾਰਾਂ ਦੇ ਫਾਇਦੇ ਲਈ ਵਰਤੇ। ਮਿਸਾਲ ਦੇ ਤੌਰ ਤੇ ਭਾਖੜਾ ਡੈਮ ਬਣਾਉਣ ਵੇਲੇ ਵੀ ਕਬਾਇਲੀ ਲੋਕਾਂ ਨੂੰ ਬੇਘਰ ਕੀਤਾ ਗਿਆ ਸੀ। ਹੁਣ ਨਰਮਦਾ ਘਾਟੀ ਵਿਚ ਵੀ ਇਹੋ ਕੁਝ ਹੋ ਰਿਹਾ ਹੈ। ਲੱਖਾਂ ਦੀ ਤਾਦਾਦ ਵਿਚ ਲੋਕਾਂ ਨੂੰ ਉਨ੍ਹਾਂ ਦੇ ਘਰਾਂ ਚੋਂ ਉਜਾੜ ਦਿਤਾ ਗਿਆ ਹੈ। ਹੋਰ ਤਾਂ ਹੋਰ ਕਬਾਇਲੀ ਲੋਕਾਂ ਨੂੰ ਜੰਗਲਾਂ ਵਿਚੋਂ ਫਲ ਅਤੇ ਫੂਲ, ਪੱਤੇ ਅਤੇ ਜੜ੍ਹੀ-ਬੂਟੀਆਂ ਤੋੜਨ ਦੇ ਇਲਜ਼ਾਮ ਵਿਚ ਸਰਕਾਰ ਦੇ ਜੰਗਲਾਤ ਮਹਿਕਮੇ ਵਾਲੇ ਵੀ ਗਿਫਤਾਰ ਕਰ ਲੈਂਦੇ ਹਨ ਕਿਉਂਕਿ ਅੰਗ੍ਰਜ਼ਾਂ ਦੇ ਵਕਤਾਂ ਦਾ ਕਾਨੂੰਨ ਅਜੇ ਵੀ ਚਲੀ ਆ ਰਿਹਾ ਹੈ ਕਿ ਜੰਗਲ ਦੀ ਹਰ ਚੀਜ਼ ਸਰਕਾਰ ਦੀ ਹੈ। ਇਹੋ ਜਿਹੇ ਕਾਨੂੰਨਾਂ ਨਾਲ ਕਬਾਇਲੀ ਅਤੇ ਹੋਰ ਲੋਕਾਂ ਦੀ ਰੋਜ਼ੀ ਰੋਟੀ ਨੂੰ ਸੱਟ ਮਾਰੀ ਜਾਂਦੀ ਹੈ ਅਤੇ ਸਟੇਟ ਨੂੰ ਵਰਤ ਕੇ ਹਾਕਿਮ ਜਮਾਤਾਂ ਉਨ੍ਹਾਂ ਦੇ ਰੁਜ਼ਗਾਰ ਦੇ ਸਾਧਨਾਂ ਉਤੇ ਜੱਫਾ ਪਾ ਲੈਂਦੀਆਂ ਹਨ। ਇਨ੍ਹਾਂ ਕੁਦਰਤੀ ਸੋਮਿਆਂ ਦੀ ਦੌਲਤ ਨੂੰ ਫੇਰ ਉਹ ਲਈ ਰਾਜ ਤੰਤ੍ਰ ਦੀ ਵਰਤੋਂ ਨਾਲ ਮਨਮਰਜ਼ੀ ਮੁਤਾਬਿਕ ਵਰਤਦੇ ਹਨ ਅਤੇ ਆਪਣੇ ਮੁਨਾਫੇ ਵਧਾਉਂਦੇ ਹਨ।

ਇਸੇ ਤਰਾਂ ਹੋਰ ਘੱਟ ਗਿਣਤੀ ਵਾਲਿਆਂ ਨਾਲ ਵੀ ਇਹ ਰਾਜਤੰਤ੍ਰ ਵਿਤਕਰਾ ਕਰਦਾ ਹੈ ਅਤੇ ਉਨ੍ਹਾਂ ਦੇ ਹੱਕਾਂ ਤੇ ਹਮਲੇ ਕਰਦਾ ਹੈ। ਮਿਸਾਲ ਵਜੋਂ 20 ਸਾਲ ਪਹਿਲਾਂ ਇੰਦਿਰਾ ਗਾਂਧੀ ਦੀ ਕਾਂਗਰਸ ਦੀ ਸਰਕਾਰ ਨੇ ਸਿੱਖਾਂ ਦੇ ਸਭ ਤੋਂ ਪਵਿਤਰ ਸਥਾਨ ਹਰਿਮੰਦਰ ਸਾਹਿਬ ਉਤੇ ਫੌਜੀ ਹਮਲਾ ਕਰਕੇ ਹਜ਼ਾਰਾਂ ਲੋਕਾਂ ਨੂੰ ਕਤਲ ਕੀਤਾ ਸੀ। ਇਸ ਗੱਲ ਤੋਂ ਕੋਈ ਇਨਕਾਰ ਨਹੀਂ ਕਰ ਸਕਦਾ ਦਿਲੀ ਵਿਚ ਸਿੱਖਾਂ ਦੇ ਖ਼ਿਲਾਫ਼ ਦੰਗੇ ਜਥੇਬੰਦ ਕਰਨ ਵਿਚ ਉਸ ਵੇਲੇ ਦੀ ਕਾਂਗਰਸ ਸਰਕਾਰ ਦਾ ਪੂਰਾ ਪੂਰਾ ਹੱਥ ਸੀ। ਸਾਲਾਂ ਬੱਧੀ ਸਿੱਖਾਂ ਨੂੰ ਦਹਿਸ਼ਤਗਰਦ ਅਤੇ ਅੱਤਵਾਦੀ ਕਹਿਕੇ ਉਨ੍ਹਾਂ ਉਤੇ ਜਬਰ ਅਤੇ ਜ਼ੁਲਮ ਕੀਤਾ ਗਿਆ। ਅੱਤਵਾਦ ਤੇ ਦਹਿਸ਼ਤਗਰਦੀ ਦਾ ਬਹਾਨਾ ਵਰਤ ਕੇ ਸਰਕਾਰ ਨੇ ਟਾਡਾ ਦਾ ਕਾਲਾ ਕਾਨੂੰਨ ਬਣਾਇਆ ਸੀ ਜਿਸ ਤਹਿਤ ਗੁਜਰਾਤ ਵਿਚ ਹਜ਼ਾਰਾਂ ਹੀ ਬੇਗੁਨਾਹ ਲੋਕਾਂ ਨੂੰ ਕੈਦ ਕਰ ਦਿਤਾ ਗਿਆ ਸੀ ਅਤੇ ਲੋਕਾਂ ਦੇ ਹੱਕਾਂ ਦੇ ਘੋਲ ਖਿਲਾਫ ਇਸ ਕਾਨੂੰਨ ਨੂੰ ਵਰਤਿਆ ਗਿਆ ਸੀ। ਗੁਜਰਾਤ ਵਿਚ ਮੁਸਲਮਾਨਾਂ ਉਤੇ ਜ਼ੁਲਮ ਅਤੇ ਜਬਰ ਢਾਉਣ ਬਾਅਦ ਸਰਕਾਰ ਵਲੋਂ ਪੋਟਾ ਤਹਿਤ ਉਨ੍ਹਾਂ ਲੋਕਾਂ ਨੂੰ ਗਿਰਫਤਾਰ ਕੀਤਾ ਗਿਆ ਜੋ ਸਰਕਾਰ ਦੀਆਂ ਨੀਤੀਆਂ ਦੇ ਖਿਲਾਫ ਗੱਲ ਕਰਦੇ ਸੀ। ਘੱਟ ਗਿਣਤੀਆਂ, ਦਲਿਤਾਂ ਅਤੇ ਪਛੜੀਆਂ ਜ਼ਾਤਾਂ ਦੇ ਲੋਕਾਂ ਨੂੰ ਜ਼ੁਲਮ, ਜਬਰ, ਅਤੇ ਗਰੀਬੀ ਦੇ ਮੂੰਹ ਵਿਚ ਧੱਕਣ ਵਾਲੀ ਕਾਂਗਰਸ ਅਤੇ ਇਹਦੀ ਨਵੀਂ ਸਰਕਾਰ ਹੁਣ ਦਾਅਵੇ ਕਰ ਰਹੀ ਹੈ ਕਿ ***"ਪੱਛੜੀਆਂ ਜਾਤਾਂ, ਕਬੀਲਿਆਂ, ਹੋਰਨਾਂ ਪਛੜੇ ਲੋਕਾਂ ਅਤੇ ਧਾਰਮਕ ਘੱਟ ਗਿਣਤੀ ਵਾਲਿਆਂ ਨੂੰ ਬਰਾਬਰ ਦੇ ਮੌਕੇ ਦਿਤੇ ਜਾਣਗੇ ਖ਼ਾਸ ਕਰ ਸਿਖਿਆ ਅਤੇ ਰੁਜ਼ਗਾਰ ਦੇ ਖ਼ੇਤਰਾਂ ਵਿਚ।"*** **ਲੋਕਾਂ ਦੇ ਇਨ੍ਹਾਂ ਹਿਸਿਆਂ ਨਾਲ ਇਹ ਇਕ ਮਜ਼ਾਕ ਨਹੀਂ ਤਾਂ ਹੋਰ ਕੀ ਹੈ।**

ਨਵੀਂ ਸਰਕਾਰ ਵਲੋਂ ਇਸ ਅਸੂਲ ਨੂੰ ਦੁਹਰਾਉਣ ਦਾ ਮਤਲਬ ਇਹ ਨਹੀਂ ਕਿ ਹੁਣ ਪਛੜੇ ਲੋਕਾਂ ਲਈ, ਘੱਟ ਗਿਣਤੀਆਂ ਲਈ ਅਤੇ ਕਬਾਇਲੀ ਲੋਕਾਂ ਲਈ ਇਸ ਨਵੀਂ ਸਰਕਾਰ ਦੇ ਮਨ ਵਿਚ ਬਹੁਤਾ ਦਰਦ ਜਾਗ ਪਿਆ ਹੈ ਜਾਂ ਹਾਕਮ ਜਮਾਤਾਂ ਰਹਿਮਦਿਲ ਹੋ ਗਈਆਂ ਹਨ। ਉਨ੍ਹਾਂ ਦਾ ਉਦੇਸ਼ ਤਾਂ ਲੋਕਾਂ ਨੂੰ ਭਰਮਾਉਣਾ ਅਤੇ ਆਪਣੇ ਪਿਛੇ ਲਾਉਣਾਂ ਹੈ, ਆਪਣੇ ਵੋਟ ਬੈਂਕ ਪੱਕੇ ਕਰਨਾ ਹੈ। ਪਹਿਲਾ ਵਾਂਗ ਹੀ ਕਾਂਗਰਸ ਅਤੇ ਇਸਦੇ ਜੁੰਡੀਦਾਰਾਂ ਦੀ ਨਵੀਂ ਸਰਕਾਰ ਵੀ ਦਲਿਤਾਂ ਅਤੇ ਹੋਰ ਪਸਮਾਂਦਾ ਲੋਕਾਂ ਉਤੇ ਹੁੰਦੇ

ਹਮਲਿਆਂ ਨੂੰ ਰੋਕਣ ਵੱਲ ਜਾਂ ਉਨ੍ਹਾਂ ਦੀ ਖ਼ੁਸ਼ਹਾਲੀ ਤੇ ਰਖਵਾਲੀ ਵੱਲ ਕੋਈ ਧਿਆਨ ਨਹੀਂ ਦੇਵੇਗੀ ਬਲਕਿ ਇਸ ਅਸੂਲ ਨੂੰ ਜ਼ਾਤ ਅਤੇ ਧਰਮ ਦੇ ਆਧਾਰ ਤੇ ਲੋਕਾਂ ਵਿਚ ਫੁਟ ਪਾਉਣ ਅਤੇ ਹੋਰ ਤਸ਼ੱਦਦ ਕਰਨ ਲਈ ਵਰਤਦੀ ਰਹੇਗੀ ਤਾਂਕਿ ਲੋਕਾਂ ਦੇ ਏਕੇ ਨੂੰ ਤੋੜਨ ਅਤੇ ਰਾਜ ਦੇ ਜੱਫ਼ਾ ਮਾਰੀ ਰੱਖਣ ਵਿਚ ਵਿਚ ਸਫ਼ਲ ਹੋ ਸਕੇ। ਇਕ ਪਾਸੇ ਸਰਕਾਰ ਆਪ ਫਿਰਕੂ ਹਿੰਸਾ ਅਤੇ ਫਾਸ਼ੀ ਤਸ਼ਦੱਦ ਜਥੇਬੰਦ ਕਰਦੀ ਹੈ ਅਤੇ ਦੂਜੇ ਪਾਸੇ ਲੋਕਾਂ ਵਿਚ ਫੁਟ ਪਾਉਣ ਲਈ ਗੁੰਮਰਾਹਕੁਨ ਪ੍ਰਚਾਰ ਕਰਦੀ ਹੈ ਕਿ ਇਹ ਘੱਟ ਗਿਣਤੀ ਵਾਲਿਆਂ ਨੂੰ ਬਰਾਬਰ ਮੌਕਾ ਦੇਣ ਲਈ ਖ਼ਾਸ ਕੋਸ਼ਿਸ਼ਾਂ ਕਰ ਰਹੀ ਹੈ। ਪਛੜੀਆਂ ਜਾਤਾਂ, ਕਬਾਇਲੀ ਲੋਕਾਂ ਅਤੇ ਘੱਟ ਗਿਣਤੀ ਵਾਲੇ ਲੋਕਾਂ ਨੂੰ ਉਨ੍ਹਾਂ ਦੇ ਹੱਕ ਕਿਸੇ ਸਰਕਾਰ ਨੇ ਨਹੀਂ ਦੇਣੇ। ਆਪਣੇ ਹੱਕ ਲੈਣ ਲਈ ਉਨ੍ਹਾਂ ਨੂੰ ਆਪ ਜਦੋਜਹਿਦ ਕਰਨੀ ਪੈਣੀ ਹੈ ਤੇ ਉਹ ਕਰ ਵੀ ਰਹੇ ਹਨ। ਆਪਣੇ ਹੱਕਾਂ ਅਤੇ ਸਭਨਾਂ ਦੇ ਹੱਕਾਂ ਦੀ ਰਾਖੀ ਦੇ ਘੋਲ ਵਿਚ ਉਹ ਸਭ ਦੇ ਮੋਢੇ ਨਾਲ ਮੋਢਾ ਲਾਕੇ ਲਾਮਬੰਦ ਹੋ ਰਹੇ ਹਨ। ਉਨ੍ਹਾਂ ਨੂੰ ਪਤਾ ਹੈ ਕਿ ਉਨ੍ਹਾਂ ਦੇ ਹੱਕਾਂ ਦੀ ਰਾਖੀ ਵੀ ਸਭਨਾਂ ਦੇ ਹੱਕਾਂ ਦੀ ਰਾਖੀ ਦੀ ਜਦੋਜਹਿਦ ਰਾਹੀਂ ਹੀ ਕੀਤੀ ਜਾ ਸਕਦੀ ਹੈ। ਉਹ ਇਸ ਏਕਤਾ ਨੂੰ ਹੋਰ ਮਜ਼ਬੂਤ ਕਰਨ ਲਈ ਕਦਮ ਵਧਾ ਰਹੇ ਹਨ। ਸਮਾਜ ਵਿਚ ਲੁੱਟ ਖਸੁੱਟ ਦੇ ਰਿਸ਼ਤੇ ਸਭ ਮੇਹਨਤਕਸ਼ਾਂ ਨੂੰ ਲੁਟਦੇ ਹਨ। ਪਛੜੀਆਂ ਹੋਇਆਂ ਜਾਤਾਂ, ਕਬਾਇਲੀ ਲੋਕਾਂ ਅਤੇ ਘੱਟ ਗਿਣਤੀ ਵਾਲਿਆਂ ਨਾਲ ਵਿਤਕਰਾ ਲੁੱਟ ਖਸੁੱਟ ਦੇ ਰਿਸ਼ਤਿਆਂ ਨੂੰ ਪੱਕਾ ਕਰਨ ਲਈ ਵਰਤਿਆ ਜਾਂਦਾ ਹੈ ਅਤੇ ਰਾਜ ਤੰਤ੍ਰ, ਸਰਕਾਰ ਅਤੇ ਇਸਦੇ ਅਦਾਰੇ ਇਸ ਵਿਤਕਰੇ ਨੂੰ ਆਪਣੀਆਂ ਨੀਤੀਆਂ ਨਾਲ ਹੋਰ ਮਜ਼ਬੂਤ ਕਰਦੇ ਰਹੇ ਹਨ। ਮੰਡੀ ਲਈ ਉਤਪਾਦਨ ਦੀ ਦੌੜ ਤੇਜ਼ ਹੋਣ ਨਾਲ ਲੁੱਟ ਖਸੁੱਟ ਵੀ ਤੇਜ਼ ਹੁੰਦੀ ਹੈ ਤੇ ਲੋਕਾਂ ਖਿਲਾਫ ਹਿੰਸਾ ਅਤੇ ਵਿਤਕਰਾ ਵੀ ਤੇਜ਼ ਹੁੰਦਾ ਹੈ। ਆਪਣੇ ਮੁਨਾਫਿਆਂ ਨੂੰ ਵਧਾਉਣ ਲਈ ਲੋਟੂ ਟੋਲਾ ਅਤੇ ਉਨ੍ਹਾਂ ਦਾ ਰਾਜ ਪਛੜੀਆਂ ਜਾਤਾਂ ਅਤੇ ਕਬਾਇਲੀ ਲੋਕਾਂ ਦੀ ਲੁੱਟ ਹੋਰ ਵੀ ਤੇਜ਼ ਕਰਦੇ ਹਨ।

ਲੁੱਟ ਦੇ ਇਨ੍ਹਾਂ ਰਿਸ਼ਤਿਆਂ ਨੂੰ ਬਦਲਣ ਲਈ ਪਛੜੀਆਂ ਸ਼੍ਰੇਣੀਆਂ ਅਤੇ ਘੱਟ ਗਿਣਤੀਆਂ ਆਪਣੇ ਕਿਰਤੀ, ਕਿਸਾਨਾਂ, ਕਰਮਚਾਰੀਆਂ, ਔਰਤਾਂ, ਨੌਜਵਾਨਾਂ ਨਾਲ ਇਕ ਮੁੱਠ ਹੋਕੇ ਸੰਘਰਸ਼ ਕਰ ਰਹੇ ਹਨ। ਲੋਕਾਂ ਦੀ ਏਕਤਾ ਨੂੰ ਤੋੜਣ ਵਾਸਤੇ ਅਤੇ ਉਨ੍ਹਾਂ ਵਿਚ ਭਲੇਖੇ ਖੜੇ ਕਰਨ ਲਈ ਹਿੰਦੁਸਤਾਨ ਦਾ ਰਾਜ ਤੰਤ੍ਰ ਅਤੇ ਸਰਕਾਰ ਇਹੋ ਜਿਹੇ ਖੋਖਲੇ ਅਸੂਲ ਘੜਦੇ ਹੀ ਰਹਿੰਦੇ ਹਨ ਜਿਨ੍ਹਾਂ ਦਾ ਅਸਲੀਅਤ ਨਾਲ ਕੋਈ ਮੇਲ ਨਹੀਂ ਹੁੰਦਾ। ਸਿਰਫ ਲੋਕ ਹੀ ਆਪਣੀ ਸੋਚ, ਸੂਝ, ਜਦੋਜਹਿਦ, ਅਤੇ ਖਾੜਕੂ ਏਕਤਾ ਨਾਲ ਸਮਾਜ ਵਿਚ ਵੱਖ ਵੱਖ ਸਮੂਹਾਂ ਦੇ ਹਿੱਤਾਂ ਦਾ ਸੁਰਮੇਲ ਕਰ ਸਕਦੇ ਹਨ। ਇਸ ਜਦੋਜਹਿਦ ਨਾਲ ਹੀ ਸਮਾਜ ਵਿਚ ਹਰੇਕ ਦੇ ਹਿਤਾਂ ਦੀ ਤੇ ਹੱਕਾਂ ਦੀ ਰਾਖੀ ਹੋ ਸਕਦੀ ਹੈ। ਆਪਣੇ ਘੋਲਾਂ ਨਾਲ ਇਕ ਨਵਾਂ ਸਮਾਜ ਉਸਾਰ ਕੇ ਲੋਕ ਸੱਭਨਾਂ ਦੇ ਹੱਕਾਂ ਦੀ ਰਾਖੀ ਦੀ ਗਰੰਟੀ ਦੇ ਸਕਦੇ ਹਨ। ਇਹ ਅੱਜ ਦੀ ਲੋੜ ਅਤੇ ਸੱਭ ਦੀ ਤਾਂਘ ਹੈ।

ਯੂ.ਪੀ.ਏ. ਦੇ ਸਾਂਝੇ ਘੱਟੋ-ਘੱਟ ਪ੍ਰੋਗਰਾਮ ਦਾ ਛੇਵਾਂ ਅਸੂਲ ਇਹ ਦਸਿਆ ਗਿਆ ਹੈਃ

***"ਆਪਣੇ ਵਪਾਰੀਆਂ, ਇੰਜੀਨੀਅਰਾਂ, ਕਾਰੀਗਰਾਂ, ਪੇਸ਼ਾਵਰਾਂ, ਸਾਇੰਸਦਾਨਾਂ ਅਤੇ ਸਮਾਜ ਦੀਆਂ ਹੋਰ ਉਤਪਾਦਕ ਸ਼ਕਤੀਆਂ ਦੀ ਸਿਰਜਨਾਤਮਕ ਸ਼ਕਤੀ ਨੂੰ ਆਜ਼ਾਦ ਕਰਨਾ।"***

ਪਿਛਲੇ ਕੁਝ ਸਾਲਾਂ ਵਿਚ, ਖਾਸ ਤੌਰ ਤੇ ਮਨਮੋਹਨ ਸਿੰਘ ਦੇ 1991 ਦੇ ਸੁਧਾਰਾਂ ਦੇ ਬਾਅਦ, ਛੋਟੇ ਵਾਪਰੀਆਂ, ਕਿੱਤੇਕਾਰਾਂ ਅਤੇ ਬੁੱਧੀਜੀਵੀਆਂ ਦੇ ਇਕ ਵੱਡੇ ਹਿੱਸੇ ਦਾ ਘਾਣ ਹੋਇਆ ਹੈ। ਪੜ੍ਹੇ ਲਿਖੇ ਲੋਕ ਹੱਥਾਂ ਵਿਚ ਡਿਗਰੀਆਂ ਫੜੀ ਬੇਕਾਰ ਫਿਰ ਰਹੇ ਹਨ। ਛੋਟੇ ਦੁਕਾਨਦਾਰ ਅਤੇ ਵਪਾਰੀ, ਕਿਸਾਨ ਅਤੇ ਹੋਰ ਕਰਮਚਾਰੀਆਂ ਦਾ ਮਹਿੰਗਾਈ ਕਰਕੇ ਬੁਰਾ ਹਾਲ ਹੈ। ਸਰਮਾਏਦਾਰਾ ਆਰਥਿਕਤਾ ਵਿਚ ਵੱਡੀ ਮੱਛੀ ਛੋਟੀ ਮੱਛੀ ਨੂੰ ਖਾਂਦੀ ਹੈ। ਇਸ ਲਈ ਵੱਡੇ ਵਾਪਾਰੀ ਅਤੇ ਸਰਮਾਏਦਾਰ ਪ੍ਰਫੁੱਲਤ ਹੋ ਰਹੇ ਹਨ, ਛੋਟੇ ਅਤੇ ਦਰਮਿਆਨੇ ਤਬਕੇ ਦੀ ਬਰਬਾਦੀ ਹੋ ਰਹੀ ਹੈ। ਇਸ ਅਸੂਲ ਰਾਹੀਂ ਮਨਮੋਹਨ ਸਿੰਘ ਦੀ ਸਰਕਾਰ ਮੱਧ ਸ਼ਰੇਣੀ ਦੇ ਲੋਕਾਂ ਨੂੰ ਆਪਣੇ ਨਾਲ ਜੋੜਨ ਦੀ ਕੋਸ਼ਿਸ਼ ਵਿਚ ਹੈ।

ਲੁੱਟ ਖਸੁੱਟ ਦੇ ਰਿਸ਼ਤਿਆਂ ਤੇ ਅਧਾਰਤ ਸਮਾਜ ਵਿਚ ਵੱਧ ਤੋਂ ਵੱਧ ਮੁਨਾਫ਼ੇ ਬਣਾਉਣਾ ਹੀ ਉਤਪਾਦਨ ਦਾ ਟੀਚਾ ਹੁੰਦਾ ਹੈ ਕਿਸੇ ਦੀ ਸਿਰਜਨਾਤਮਕ ਸ਼ਕਤੀ ਨੂੰ ਆਜ਼ਾਦ ਕਰਨਾ ਨਹੀਂ ਹੁੰਦਾ। ਜਿਸ ਚੀਜ਼ ਨੂੰ ਪੈਦਾ ਕਰਨ ਜਾਂ ਬਣਾਉਣ ਨਾਲ ਮੁਨਾਫ਼ਾ ਵਧਦਾ ਹੈ ਉਹ ਪੈਦਾ ਕੀਤੀ ਜਾਂਦੀ ਹੈ ਤੇ ਜਿਸ ਚੀਜ਼ ਨੂੰ ਪੈਦਾ ਕਰਨ ਵਿਚ ਨਫ਼ਾ ਨਹੀਂ ਉਹ ਬੰਦ ਕਰ ਦਿਤੀ ਜਾਂਦੀ ਹੈ। ਉਦੋਂ ਇਹ ਨਹੀਂ ਵੇਖਿਆ ਜਾਂਦਾ ਕਿ ਮਜ਼ਦੂਰ ਤੇ ਕਾਰੀਗਰ ਬੇਰੁਜ਼ਗਾਰ ਹੋਣਗੇ ਜਾਂ ਮਾਹਿਰ ਵਿਹਲੇ ਹੋਣਗੇ ਜਾਂ ਇੰਜੀਨੀਅਰਾਂ ਦੀ ਸਿਰਜਨਾਤਮਕ ਸ਼ਕਤੀ ਰੁਕ ਜਾਵੇਗੀ, ਅਤੇ ਨਾ ਹੀ ਉਹ ਵਪਾਰੀ ਜਿਉਂਦਾ ਰਹਿ ਸਕਦਾ ਹੈ ਜਿਹੜਾ ਮੁਨਾਫ਼ਾ ਨਹੀਂ ਬਣਾਉਂਦਾ। ਸਮੁੱਚੇ ਤੌਰ ਤੇ ਵੇਖੀਏ ਤਾਂ ਲੁੱਟ-ਖਸੁੱਟ ਉੱਤੇ ਅਧਾਰਤ ਉਤਪਾਦਕ ਰਿਸ਼ਤੇ ਸਮਾਜ ਦੀਆਂ ਉਤਪਾਦਕ ਅਤੇ ਸਿਰਜਨਾਤਮਕ ਸ਼ਕਤੀਆਂ ਨੂੰ ਅਜ਼ਾਦ ਨਹੀਉਂ ਕਰਦੇ ਸਗੋਂ ਜਕੜਦੇ ਹਨ। ਜਿਸ ਚੀਜ਼ ਵਿਚ ਵੱਡੇ ਸਰਮਾਏ ਦਾ ਮੁਨਾਫ਼ਾ ਨਹੀਂ ਭਾਵੇਂ ਉਹ ਸਮਾਜ ਲਈ ਕਿੰਨੀਂ ਵੀ ਜ਼ਰੂਰੀ ਅਤੇ ਲੋੜੀਂਦੀ ਕਿਉਂ ਨਾ ਹੋਵੇ ਉਸ ਤੇ ਪੈਸਾ ਖ਼ਰਚ ਨਹੀਂ ਕੀਤਾ ਜਾਂਦਾ।

ਹਿੰਦੁਸਤਾਨ ਵਿਚ ਲੋਕਾਂ ਦੀ ਸਿਹਤ, ਤਾਲੀਮ ਅਤੇ ਖ਼ੁਸ਼ਹਾਲੀ ਲਈ ਸਮਾਜ ਨੂੰ ਬਹੁਤ ਧਿਆਨ ਦੇਣ ਦੀ ਲੋੜ ਹੈ ਅਤੇ ਸਰਕਾਰ ਨੂੰ ਪੂੰਜੀ ਲਾਉਣ ਦੀ ਲੋੜ ਹੈ। ਇਸ ਨਾਲ ਲੋਕਾਂ ਦੀ ਉਤਪਾਦਕ ਅਤੇ ਸਿਰਜਨਾਤਮਕ ਸ਼ਕਤੀ ਵਧੇਗੀ ਅਤੇ ਆਜ਼ਾਦ ਹੋਵੇਗੀ। ਪਰ ਸਰਕਾਰੀ ਬਜਟ ਦਾ ਡੇਢ਼ ਫ਼ੀ ਸਦੀ ਹਿੱਸਾ ਹੀ ਇਸ ਪਾਸੇ ਲਾਇਆ ਜਾਂਦਾ ਹੈ ਜਦਕਿ ਬੱਜਟ ਦਾ 73 ਫ਼ੀ ਸਦੀ ਹਿੱਸਾ ਕਰਜ਼ਿਆਂ ਦੀ ਅਦਾਇਗੀ ਦੀ ਸ਼ਕਲ ਵਿਚ ਸੂਦਖ਼ੋਰਾਂ ਨੂੰ ਦੇ ਦਿਤਾ ਜਾਂਦਾ ਹੈ। ਕੀ ਮਨਮੋਹਨ ਸਿੰਘ ਅਤੇ ਯੂ.ਪੀ.ਏ. ਦੀ ਇਹ ਸਰਕਾਰ ਵੱਡੇ ਸਰਮਾਏ ਦੀਆਂ ਮੰਗਾਂ ਨੂੰ ਨਜ਼ਰ-ਅੰਦਾਜ਼ ਕਰਕੇ ਛੋਟੇ ਵਾਪਰੀਆਂ, ਇੰਜੀਨੀਅਰਾਂ, ਕਾਰੀਗਰਾਂ,ਪੇਸ਼ਾਵਰਾਂ, ਸਾਇੰਸਦਾਨਾਂ ਦਾ ਪੱਖ ਪੂਰ ਸਕਦੀ ਹੈ? ਕੀ ਇਹ ਇਹ ਵੱਡੇ ਸਰਮਾਏਦਾਰਾਂ ਤੇ ਸੂਦਖ਼ੋਰਾਂ ਨੂੰ ਕਹਿ ਸਕਦੀ ਹੈ ਕਿ ਹਾਲ ਦੀ ਘੜੀ ਅਸੀਂ ਤੁਹਾਡੇ ਕਰਜ਼ਿਆਂ ਦਾ ਭੁਗਤਾਨ ਨਹੀਂ ਕਰਾਂਗੇ ਅਤੇ ਇਹ ਪੈਸਾ ਲੋਕਾਂ ਦੀ ਸਿਹਤ ਅਤੇ ਵਿਦਿਆ ਉੱਤੇ ਖ਼ਰਚਾਂਗੇ, ਸਮਾਜ ਦੀ ਭਲਾਈ ਤੇ ਖ਼ਰਚਾਂਗੇ? ਕਦੇ ਵੀ ਨਹੀਂ। ਇਸ ਤਰ੍ਹਾਂ ਕਰਨਾ ਤਾਂ ਇਕ ਪਾਸੇ ਰਿਹਾ ਜੇ ਕਰਨ ਦਾ ਨਾਂ ਵੀ ਲੈਣਗੇ ਤਾਂ ਇਨ੍ਹਾਂ ਦੇ ਮਾਲਕ ਇਨ੍ਹਾਂ ਨੂੰ ਤਾਕਤ ਦੀ ਕੁਰਸੀ

ਤੇ ਇਕ ਪਲ ਵੀ ਨਹੀਂ ਰਹਿਣ ਦੇਣਗੇ। ਕਦੇ ਵੀ ਇਹ ਨਹੀਂ ਭੁਲਣਾ ਚਾਹੀਦਾ ਕਿ ਇਹ ਨਵੀਂ ਸਰਕਾਰ ਵੀ ਵੱਡੇ ਸਰਮਾਏਦਾਰਾਂ ਅਤੇ ਵੱਡੇ ਜਗੀਰਦਾਰਾਂ ਦੀ ਹਾਕਮ ਜਮਾਤ ਕੱਠਪੁਤਲੀ ਹੈ। ਹਾਕਮ ਜਮਾਤਾਂ ਦੇ ਖ਼ਿਲਾਫ਼ ਜਾ ਕੇ ਇਹ ਸਮਾਜ ਦੇ ਹੋਰ ਕਿਸੇ ਹਿਸੇ ਦਾ ਕੁਝ ਵੀ ਸੁਆਰਨ ਦੇ ਕਾਬਲ ਨਹੀਂ।

ਮਨਮੋਹਨ ਸਿੰਘ ਦੀ ਸਰਕਾਰ ਦਾ ਇਹ ਅਸੂਲ ਬਿਲਕੁਲ ਉਸੇ ਤਰਾਂ ਦਾ ਹੈ ਜਿਸ ਤਰਾਂ ਭਾਜਪਾ ਦਾ ਸਵਦੇਸ਼ੀ ਦਾ ਅਸੂਲ ਸੀ। ਭਾਜਪਾ ਨੇ ਬੜੇ ਦਮਗਜੇ ਮਾਰੇ ਸੀ ਕਿ ਉਸ ਦੀ ਸਰਕਾਰ ਦੇਸੀ ਵਸਤਾਂ ਅਤੇ ਸਨਅਤਾਂ ਦੀ ਤਰੱਕੀ ਨੂੰ ਪਹਿਲ ਦੇਵੇਗੀ ਜਿਸ ਨਾਲ ਛੋਟੇ ਵਪਾਰੀਆਂ ਅਤੇ ਹੋਰਨਾਂ ਦਾ ਬੜਾ ਭਲਾ ਹੋਵੇਗਾ। ਬੀ.ਜੇ.ਪੀ. ਦੀ ਸਰਕਾਰ ਨੇ ਸਵਦੇਸ਼ੀ ਦਾ ਨਾਅਰਾ ਲਾ ਕੇ ਇਨ੍ਹਾਂ ਛੋਟੇ ਅਤੇ ਦਰਮਿਆਨੇ ਵਪਾਰੀਆਂ ਅਤੇ ਕਾਰੀਗਰਾਂ ਨੂੰ ਆਪਣੇ ਮਗਰ ਲਾਉਣ ਦੀ ਕੋਸ਼ਿਸ਼ ਕੀਤੀ ਸੀ ਅਤੇ ਕੁਝ ਚਿਰ ਲਈ ਉਹ ਉਸ ਦੇ ਮਗਰ ਲੱਗ ਵੀ ਗਏ ਸੀ। ਪਰ ਹਕੀਕਤ ਵਿਚ ਭਾਜਪਾ ਨੇ ਵੱਡੇ ਸਰਮਾਏ ਅਤੇ ਸਾਮਰਾਜ ਦਾ ਹੀ ਪੱਖ ਪੂਰਿਆ ਸੀ ਤੇ ਨਿੱਕਿਆਂ ਦੀ ਤਬਾਹੀ ਹੋਈ ਸੀ। ਛੋਟੇ ਵਪਾਰੀਆਂ, ਪੇਸ਼ਾਵਰਾਂ ਅਤੇ ਹੋਰਨਾਂ ਦੀ ਵੱਡੇ ਸਰਮਾਏ ਵਲੋਂ ਬਰਬਾਦੀ ਕੀਤੀ ਜਾਣੀ ਸਰਮਾਏਦਾਰਾ ਵਿਕਾਸ ਦਾ ਕਾਨੂੰਨ ਹੈ। ਇਸ ਨਿਜ਼ਾਮ ਨੂੰ ਚਲਾਉਣ ਵਾਲੀ ਕੋਈ ਵੀ ਸਰਕਾਰ ਇਸ ਕਾਨੂੰਨ ਨੂੰ ਬਦਲ ਨਹੀਂ ਸਕਦੀ। ਹੁਣ ਇਸ ਨੁਕਤੇ ਨਾਲ ਇਹ ਨਵੀਂ ਸਰਕਾਰ ਮੱਧ ਸ਼ਰੇਣੀ ਦੇ ਲੋਕਾਂ ਨੂੰ ਇਕ ਸਬਜ਼ ਬਾਗ ਦਿਖਾ ਰਹੀ ਹੈ ਕਿ ਨਵੀਂ ਸਰਕਾਰ ਉਨ੍ਹਾਂ ਦੇ ਹਿਤਾਂ ਦਾ ਪੂਰਾ ਖਿਆਲ ਕਰੇਗੀ। ਪਰ ਹਕੀਕਤ ਵਿਚ ਹੋਣਾਂ ਇਸ ਤੋਂ ਉਲਟ ਹੈ। ਯਾਦ ਰੱਖਣਾਂ ਚਾਹੀਦਾ ਹੈ ਕਿ 1990 ਦੇ ਆਰਥਕ ਸੁਧਾਰਾਂ ਨਾਲ ਜਿਹੜੇ ਕਿ ਫਾਈਨੈਂਸ ਮਨਿਸਟਰ ਮਨਮੋਹਨ ਸਿੰਘ ਦੀ ਅਗਵਾਈ ਵਿਚ ਹੀ ਲਿਆਂਦੇ ਗਏ ਸਨ, ਉਨ੍ਹਾਂ ਨਾਲ ਛੋਟੇ ਅਤੇ ਦਰਮਿਆਨੇ ਵਪਾਰੀਆਂ ਦਾ, ਕਾਰੀਗਰਾਂ ਦਾ, ਅਤੇ ਹੋਰਨਾਂ ਦਾ ਘਾਣ ਹੋਇਆ ਹੈ। ਵਿਸ਼ਵੀਕਰਣ ਅਤੇ ਨਵਲਿਬਰਲਵਾਦ ਦੀਆਂ ਨੀਤੀਆਂ ਨੇ ਮੱਧ ਵਰਗ ਦੀ ਬਰਬਾਦੀ ਕੀਤੀ ਹੈ। ਇਸ ਤਬਕੇ ਦੇ ਲੋਕਾਂ ਸਿਰ ਕਰਜ਼ਾ ਵੀ ਬਹੁਤ ਚੜ੍ਹਿਆ ਹੋਇਆ ਹੈ ਅਤੇ ਉਨ੍ਹਾਂ ਲਈ ਗੁਜ਼ਾਰਾ ਕਰਨਾ ਮੁਸ਼ਕਲ ਹੋ ਗਿਆ ਹੈ ਤੇ ਇਸ ਵਰਗ ਵਿਚ ਵੀ ਬਹੁਤ ਰੋਹ ਹੈ। ਹੁਣ ਮਨਮੋਹਨ ਸਿੰਘ ਦੀ ਸਰਕਾਰ ਉਨ੍ਹਾਂ ਦੀਆਂ ਅੱਖਾਂ ਪੂੰਝਣਾ ਚਾਹੁੰਦੀ ਹੈ ਤੇ ਉਨ੍ਹਾਂ ਨੂੰ ਵਰਗਲਾ ਕੇ ਆਪਣੇ ਮਗਰ ਲਾਮਬੰਦ ਕਰਨਾ ਚਾਹੁੰਦੀ ਹੈ ਅਤੇ ਕਿਰਤੀਆਂ ਦੀ ਅਗਵਾਈ ਵਿਚ ਇਨਕਲਾਬ ਵਾਲੇ ਪਾਸੇ ਜਾਣ ਤੋਂ ਰੋਕਣਾ ਚਾਹੁੰਦੀ ਹੈ।
ਇਹ ਸਰਕਾਰ ਜਾਂ ਕਿਸੇ ਹੋਰ ਪਾਰਟੀ ਦੀ ਸਰਕਾਰ ਉਨ੍ਹਾਂ ਨੂੰ ਸੁਖ ਦਾ ਸਾਹ ਨਹੀਂ ਦੁਆ ਸਕਦੀ। ਇਨ੍ਹਾਂ ਲੁੱਟ ਖਸੁਟ ਦੇ ਰਿਸ਼ਤਿਆਂ ਤੋਂ ਦੁਖੀ ਸਾਰੇ ਲੋਕਾਂ ਨੂੰ ਸਿਰਫ਼ ਮਜ਼ਦੂਰ ਜਮਾਤ ਹੀ ਇਕ ਨਵਾਂ ਸਮਾਜ ਬਣਾ ਕੇ ਸੁੱਖ ਦੇ ਸਕਦੀ ਹੈ। ਇਨ੍ਹਾਂ ਤਬਕਿਆਂ ਨੂੰ ਸਭ ਕਿਰਤੀਆਂ, ਕਿਸਾਨਾਂ ਅਤੇ ਹੋਰਨਾਂ ਲੋਕਾਂ ਨਾਲ ਇਕ ਮੁੱਠ ਹੋਕੇ ਨਵੇਂ ਰਿਸ਼ਤੇ ਉਸਾਰਨ ਦੀ ਲੋੜ ਹੈ। ਐਸੇ ਰਿਸ਼ਤੇ ਜੋ ਕਿ ਇਨਸਾਨ ਦੀ ਇਨਸਾਨ ਤੋਂ ਲੁੱਟ ਬੰਦ ਕਰਨ ਅਤੇ ਸਭ ਦੀ ਖੁਸ਼ਹਾਲੀ ਅਤੇ ਰਖਵਾਲੀ ਦਾ ਪ੍ਰਬੰਧ ਕਰਨ।

ਇਨ੍ਹਾਂ ਛੇ ਅਸੂਲਾਂ ਉੱਤੇ ਚੱਲਣ ਦੇ ਦਿਲਫ਼ਰੇਬ ਅਤੇ ਝੂਠੇ ਲਾਰਿਆਂ ਮਗਰੋਂ ਸਾਂਝੇ ਅਗਾਂਹਵਧੂ ਮੁਹਾਜ਼ ਦੇ ਸਾਂਝੇ ਘੱਟੋ-ਘੱਟ ਪ੍ਰੋਗਰਾਮ ਵਿਚ ਕਸਮ ਖਾ ਕੇ ਹਿੰਦੁਸਤਾਨ ਦੇ ਲੋਕਾਂ ਨਾਲ ਇਕ ਹੋਰ ਫੋਕਾ ਵਾਇਦਾ ਕੀਤਾ ਗਿਆ ਹੈਃ

***"ਯੂ.ਪੀ.ਏ. ਦੀ ਸਰਕਾਰ ਭ੍ਰਿਸ਼ਟਾਚਾਰ ਤੋਂ ਮੁਕਤ ਹੋਵੇਗੀ ਅਤੇ ਹਰ ਸਮੇਂ ਪਾਰ-ਦਰਸ਼ਤਾ ਅਤੇ ਜਵਾਬਦੇਹ ਹੋ ਕੇ ਕੰਮ ਕਰੇਗੀ ਅਤੇ ਪ੍ਰਸ਼ਾਸਨ ਹਰ ਸਮੇਂ ਸੰਵੇਦਨਸ਼ੀਲਤਾ ਅਤੇ ਜ਼ਿੰਮੇਵਾਰੀ ਨਾਲ ਕੰਮ ਕਰੇਗਾ।"***

ਇਨ੍ਹਾਂ ਵਾਅਦਿਆਂ ਤੇ ਕਸਮਾਂ ਤੇ ਭਾਵੇਂ ਕੋਈ ਵੀ ਇਤਬਾਰ ਕੋਈ ਨਹੀਂ ਕਰ ਸਕਦਾ ਲੇਕਿਨ ਮਨਮੋਹਨ ਸਿੰਘ ਦੀ ਸਰਕਾਰ ਅਤੇ ਯੂ ਪੀ ਏ ਦੇ ਜੋਟੀਦਾਰਾਂ ਨੂੰ ਇਹੋ ਜਿਹੇ ਵਾਅਦੇ ਕਰਨ ਵਿਚ ਕੋਈ ਸ਼ਰਮ ਜਾਂ ਝਿਜਕ ਨਹੀਂ ਕਿਉਂਕਿ ਇਨ੍ਹਾਂ ਲਈ ਇਹ ਸਿਰਫ਼ ਕਹਿਣ ਦੀਆਂ ਗੱਲਾਂ ਹਨ ਕਰਨ ਦੀਆਂ ਨਹੀਂ। ਹਿੰਦੁਸਤਾਨ ਦੀ ਹਾਕਮ ਜਮਾਤਾਂ ਨੂੰ ਇਹ ਪੁਰਾਣੀ ਆਦਤ ਹੈ ਕਿ ਇਹ ਕਹਿੰਦੀਆਂ ਕੁਝ ਹਨ ਤੇ ਕਰਦੀਆਂ ਕੁਝ ਹੋਰ ਹਨ। ਇਨ੍ਹਾਂ ਦੀ ਕਹਿਣੀ ਅਤੇ ਕਰਨੀ ਵਿਚ ਕੋਈ ਰਿਸ਼ਤਾ ਨਹੀਂ। ਨਹਿਰੂ ਦੇ ਜ਼ਮਾਨੇ ਵਿਚ ਇਹ ਸਮਾਜਵਾਦ ਦੀਆਂ ਗੱਲਾਂ ਕਰਦੀਆਂ ਰਹੀਆਂ ਹਨ ਪਰ ਤਕੜਾ ਪੂੰਜੀਵਾਦ ਹੋਇਆ। ਇੰਦਰਾ ਦੇ ਜ਼ਮਾਨੇ ਵਿਚ ਇਹ ਗਰੀਬੀ ਹਟਾਉਣ ਦੀ ਗੱਲ ਕਰਦੀਆਂ ਰਹੀਆਂ ਹਨ ਲੇਕਿਨ ਗਰੀਬੀ ਵਧਦੀ ਗਈ ਹੈ। ਬਾਜਪਾਈ ਦੇ ਵੇਲੇ ਇਹ ਸਵਦੇਸ਼ੀ ਦੀਆਂ ਗੱਲਾਂ ਕਰਦੀਆਂ ਰਹੀਆਂ ਹਨ ਤੇ ਵਿਦੇਸ਼ੀ ਕੰਪਨੀਆਂ ਦੀ ਜਕੜ ਹੋਰ ਵਧੀ ਹੈ। ਇਹ ਜਮਹੂਰੀਅਤ ਅਤੇ ਹੱਕਾਂ ਦੀ ਗੱਲ ਕਰਦੀਆਂ ਹਨ ਪਰ ਹੱਕ ਮੰਗਦੇ ਲੋਕਾਂ ਉੱਤੇ ਵਹਿਸ਼ੀ ਹਮਲੇ ਜਥੇਬੰਦ ਕਰਦੀਆਂ ਹਨ। ਇਹ ਸੈਕੂਲਰਵਾਦ ਦੇ ਨਾਅਰੇ ਮਾਰਦੀਆਂ ਨਹੀਂ ਥੱਕਦੀਆਂ ਪਰ ਹਰਿਮੰਦਰ ਸਾਹਿਬ ਉੱਤੇ ਫੌਜੀ ਹਮਲਾ ਕਰਨਾ, ਬਾਬਰੀ ਮਸਜਦ ਨੂੰ ਢਾਉਣ ਅਤੇ ਦਿਲੀ, ਬੰਬਈ, ਗੁਜਰਾਤ ਅਤੇ ਹੋਰ ਥਾਂਈਂ ਹਜ਼ਾਰਾਂ ਲੋਕਾਂ ਦੇ ਕਤਲੇਆਮ ਕਰਨ ਵਿਚ ਇਨ੍ਹਾਂ ਨੂੰ ਕੋਈ ਝਿਜਕ ਨਹੀਂ। ਮਨਮੋਹਨ ਸਿੰਘ ਦੀ ਨਵੀਂ ਸਰਕਾਰ ਵੀ ਪੁਰਾਣੇ ਢਾਂਚੇ ਅਤੇ ਪੁਰਾਣੇ ਰਾਹ ਉੱਤੇ ਚੱਲਣ ਦਾ ਨਵੇਂ ਸਿਰੇ ਤੋਂ ਐਲਾਨ ਕਰ ਰਹੀ ਹੈ। ਲੋਕ ਇਸ ਨਵੀਂ ਸਰਕਾਰ ਤੋਂ ਕੋਈ ਆਸ ਨਹੀਂ ਰੱਖ ਸਕਦੇ। ਉਹ ਆਪਣੇ ਹਾਲਤ ਸਿਰਫ਼ ਆਪਣੀ ਤਾਕਤ, ਆਪਣੀ ਸੋਚ, ਆਪਣੀ ਸੇਧ ਅਤੇ ਆਪਣੇ ਘੋਲਾਂ ਨਾਲ ਆਪ ਹੀ ਬਦਲ ਸਕਦੇ ਹਨ। ਮਨਮੋਹਨ ਸਿੰਘ ਦੀ ਸਰਕਾਰ ਤੋਂ ਆਸ ਰੱਖਣੀ ਝੋਟਿਆਂ ਦੇ ਘਰੋਂ ਲੱਸੀ ਲੱਭਣ ਵਾਲੀ ਗੱਲ ਹੈ। ਮਨਮੋਹਨ ਸਿੰਘ ਦੀ ਸਰਕਾਰ ਜਾਂ ਇਨ੍ਹਾਂ ਪਾਰਟੀਆਂ ਦੀ ਕੋਈ ਹੋਰ ਸਰਕਾਰ ਜਾਂ ਇਸ ਰਾਜ ਤੰਤ੍ਰ ਦੇ ਅਦਾਰੇ ਇਹ ਕੰਮ ਕਰ ਹੀ ਨਹੀਂ ਸਕਦੇ ਕਿਉਂਕਿ ਉਹ ਏਸ ਕੰਮ ਲਈ ਨਹੀਂ ਸੀ ਬਣਾਏ ਗਏ।

ਹਿੰਦੁਸਤਾਨ ਦੇ ਲੋਕ ਸਭ ਦਾ ਭਲਾ ਅਤੇ ਖੁਸ਼ਹਾਲੀ ਚਾਹੁੰਦੇ ਹਨ। ਸਰਬੱਤ ਦੇ ਭਲੇ ਦੀ ਸੋਚ ਸਾਡੇ ਲੋਕਾਂ ਦੀ ਮਾਨਸਿਕਤਾ ਦਾ ਹਿਸਾ ਹੈ। ਪਰ ਇਹ ਕੰਮ ਉਨ੍ਹਾਂ ਨੂੰ ਆਪ ਹੀ ਕਰਨਾ ਪਵੇਗਾ। ਉਨ੍ਹਾਂ ਦੀ ਭਲਾਈ ਅਤੇ ਖੁਸ਼ਹਾਲੀ ਦਾ ਇੰਤਜ਼ਾਮ ਉਨ੍ਹਾਂ ਦੇ ਆਪਣੇ ਬਗੈਰ ਹੋਰ ਕੋਈ ਨਹੀਂ ਕਰੇਗਾ ਤੇ ਨਾ ਕਰ ਸਕਦਾ ਹੈ। ਆਪਣੇ ਦਰਸ਼ਨ, ਆਪਣੀ ਸਿਆਸੀ ਸੋਚਣੀ ਅਤੇ ਆਪਣੇ ਆਰਥਕ ਸਿਧਾਂਤ ਤੋ ਸੇਧ ਲੈ ਕੇ ਅਤੇ ਇਕੱਠੇ ਹੋ ਕੇ ਲੋਕ ਨਵੇਂ ਅਦਾਰੇ ਬਣਾ ਸਕਦੇ ਹਨ ਤੇ ਆਪਣੀ ਭਲਾਈ ਅਤੇ ਖੁਸ਼ਹਾਲੀ ਦਾ ਬੰਦੋਬਸਤ ਕਰ ਸਕਦੇ ਹਨ। ਇੰਜ ਆਪਣੇ ਕੁਦਰਤੀ ਸਾਧਨਾਂ ਨੂੰ ਆਪਣੇ ਹੱਥਾਂ ਵਿਚ ਲੈ ਕੇ ਅਤੇ ਆਪਣੀ ਮਿਹਨਤ ਨਾਲ ਪੈਦਾ ਕੀਤੀ ਹੋਈ ਦੌਲਤ ਆਪਣੇ ਹੱਥਾਂ ਵਿਚ ਲੈ ਕੇ ਹੀ ਲੋਕਾਂ ਦੇ ਹਰੇਕ ਪਰਿਵਾਰ ਨੂੰ ਗੁਜ਼ਾਰੇ ਅਤੇ ਖੁਸ਼ਹਾਲੀ ਦੀ ਗਰੰਟੀ ਮਿਲ ਸਕਦੀ ਹੈ। ਮੁਲਕ ਦੇ

ਕੁਦਰਤੀ ਵਸੀਲਿਆਂ, ਉਤਪਾਦਨ ਦੇ ਸਾਧਨਾਂ, ਅਤੇ ਆਪਣੀ ਮਿਹਨਤ ਉਤੇ ਲੋਕਾਂ ਦੇ ਕੰਟਰੋਲ ਬਗੈਰ ਇਹ ਗੱਲ ਮੁਮਕਿਨ ਨਹੀਂ। ਇਸ ਲਈ ਲੋਕਾਂ ਨੂੰ ਇਸ ਸਰਕਾਰ ਦੇ ਭੁਲੇਖਿਆਂ ਨੂੰ ਸਮਝਣ ਅਤੇ ਆਪਣੀ ਖੁਸ਼ਹਾਲੀ ਲਈ ਆਪਣੀ ਸਾਂਝੀ ਜੱਦੋ-ਜਹਿਦ ਤੇਜ਼ ਕਰਨ ਦੀ ਲੋੜ ਹੈ।